ਰੈਫਰੈਂਸ ਨੰਬਰ: 61594

ਸ੍ਰੀ ਨੌਰਮ ਲੇਬਲ
ਡਿਪਟੀ ਚੀਫ ਕੌਰਨਰ
ਆਫਿਸ ਆਫ ਦੀ ਚੀਫ ਕੌਰਨਰ
ਮੈਟਰੋਟਾਵਰ II
ਸੁਈਟ 800 - 4720 ਕਿੰਗਜ਼ਵੇਅ
ਬਰਨਬੀ, ਬੀ ਸੀ
ਵੀ 5 ਐੱਚ 4 ਐੱਨ 2

ਪਿਆਰੇ ਲੇਬਲ ਜੀ:

ਤੁਹਾਡੇ ਵਲੋਂ 7 ਮਾਰਚ 2007 ਨੂੰ ਅਮਰਜੀਤ ਬੱਲ, ਸਰਬਜੀਤ ਸਿੱਧੂ ਅਤੇ ਸੁਖਵਿੰਦਰ ਪੂਨੀਆ ਦੀਆਂ ਹੋਈਆਂ ਮੌਤਾਂ ਦੇ ਸੰਬੰਧ ਵਿੱਚ ਕੌਰਨਰ ਦੀ ਜਾਂਚ ਦੇ ਸਿੱਟਿਆਂ ਅਤੇ ਸਿਫਾਰਿਸ਼ਾਂ ਬਾਰੇ 1 ਫਰਵਰੀ 2010 ਨੂੰ ਭੇਜੇ ਖਤ ਲਈ ਧੰਨਵਾਦ।

ਲੇਬਰ ਮਨਿਸਟਰ ਦੇ ਤੌਰ 'ਤੇ ਤੁਹਾਡਾ ਖੱਤ ਅਤੇ ਉਸ ਨਾਲ ਭੇਜੀ ਹੋਰ ਸਮੱਗਰੀ ਜਿਊਰੀ ਦੀ ਸਿਫਾਰਿਸ਼ #17 ਨੂੰ ਮੇਰੇ ਧਿਆਨ ਵਿੱਚ ਲਿਆਉਂਦੀ ਹੈ। ਜਿਊਰੀ ਨੇ ਸਰਕਾਰ ਦੀਆਂ ਹੋਰ ਮਨਿਸਟਰੀਆਂ ਅਤੇ ਏਜੰਸੀਆਂ ਲਈ ਵੀ ਕਈ ਸਿਫਾਰਿਸ਼ਾਂ ਜਾਰੀ ਕੀਤੀਆਂ ਸਨ। ਇਹਨਾਂ ਸਰਕਾਰੀ ਮਨਿਸਟਰੀਆਂ ਅਤੇ ਏਜੰਸੀਆਂ ਵਿੱਚ ਸ਼ਾਮਲ ਹਨ:

- ਪਬਲਿਕ ਸੇਫਟੀ ਦੇ ਮਨਿਸਟਰ ਅਤੇ ਸੌਲਿਸਟਰ ਜਨਰਲ
- ਵਰਕਸੇਫ ਬੀ ਸੀ
- ਮੋਟਰ ਵਿਹੀਕਲ ਦੇ ਸੁਪਰਡੈਂਟ ਦਾ ਦਫਤਰ
- ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਦੇ ਮਨਿਸਟਰ
- ਇੰਟਰ-ਏਜੰਸੀ ਐਗਰੀਕਲਚਰਲ ਕੰਪਲਾਇੰਸ ਕਮੇਟੀ
- ਲੇਬਰ ਮਨਿਸਟਰ
- ਬ੍ਰਿਟਿਸ਼ ਕੋਲੰਬੀਆ ਦੇ ਅਟਾਰਨੀ ਜਨਰਲ

ਜਿਵੇਂ ਤੁਸੀਂ ਆਪਣੇ ਖੱਤ ਵਿੱਚ ਨੋਟ ਕੀਤਾ ਹੈ, ਜਿਊਰੀ ਦੀਆਂ ਸਿਫਾਰਿਸ਼ਾਂ ਦਾ ਮੰਤਵ ਭਵਿੱਖ ਵਿੱਚ ਇਸ ਕਿਸਮ ਦੀਆਂ ਮੌਤਾਂ ਹੋਣ ਦੀ ਰੋਕਥਾਮ ਕਰਨ ਵਿੱਚ ਮਦਦ ਕਰਨਾ ਹੈ। ਤੁਸੀਂ ਜੁਆਬ ਲਈ ਵੀ ਬੇਨਤੀ ਕੀਤੀ ਹੈ, ਜਿਸ ਵਿੱਚ ਇਹ ਦੱਸਿਆ ਹੋਵੇ ਕਿ ਸਿਫਾਰਿਸ਼ਾਂ ਦੇ ਸੰਬੰਧ ਵਿੱਚ ਕਿਹੜੇ ਕਦਮ ਚੁੱਕੇ ਗਏ ਹਨ ਜਾਂ ਕਿਹੜੇ ਕਦਮ ਚੁੱਕਣ ਦੀ ਯੋਜਨਾ ਹੈ।

…/2

ਲੇਬਰ ਮਨਿਸਟਰ ਦੇ ਤੌਰ ’ਤੇ, ਮੈਂ ਸਰਕਾਰ ਦੀਆਂ ਸਾਰੀਆਂ ਮਨਿਸਟਰੀਆਂ ਅਤੇ ਏਜੰਸੀਆਂ ਲਈ ਜਾਰੀ ਕੀਤੀਆਂ ਸਿਫਾਰਿਸ਼ਾਂ ਬਾਰੇ ਜੁਆਬਾਂ ਵਿੱਚ ਤਾਲਮੇਲ ਰੱਖਣ ਦੀ ਜ਼ਿੰਮੇਵਾਰੀ ਸੰਭਾਲੀ ਹੈ। ਤੁਹਾਡੇ ਤੱਕ ਪਹਿਲਾਂ ਪਹੁੰਚਾ ਦਿੱਤੇ ਗਏ ਜੁਆਬਾਂ ਦੇ ਨਾਲ ਨਾਲ ਇਸ ਚਿੱਠੀ ਵਿੱਚ ਸਿਫਾਰਿਸ਼ਾਂ ਨਾਲ ਸੰਬੰਧਤ ਉਹਨਾਂ ਹੋਰ ਕਦਮਾਂ ਬਾਰੇ ਦੱਸਿਆ ਗਿਆ ਹੈ, ਜਿਹੜੇ ਕਦਮ ਚੁੱਕਣ ਲਈ ਮੇਰੇ ਸਹਿਕਰਮੀ ਅਤੇ ਮੈਂ ਵਚਨਬੱਧ ਹੋਏ ਹਾਂ।

ਆਪਣੇ ਸਹਿਕਰਮੀਆਂ ਦੀ ਤਰਫੋਂ ਮੈਂ ਇਸ ਗੱਲ ’ਤੇ ਪ੍ਰਤੱਖ ਰੂਪ ਵਿੱਚ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਜਿਊਰੀ ਦੀਆਂ ਸਿਫਾਰਿਸ਼ਾਂ ਵਿੱਚ ਉਠਾਏ ਗਏ ਮੁੱਦੇ ਬਹੁਤ ਮਹੱਤਵਪੂਰਨ ਹਨ ਅਤੇ ਉਹ ਅਜਿਹੇ ਮੁੱਦੇ ਹਨ ਜਿਹਨਾਂ ਨੂੰ ਲੇਬਰ ਮਨਿਸਟਰ ਵਜੋਂ ਮੈਂ ਅਤੇ ਸਰਕਾਰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ।

ਸੰਬੰਧਤ ਮਨਿਸਟਰੀਆਂ ਅਤੇ ਏਜੰਸੀਆਂ ਵੱਲੋਂ ਹੇਠ ਲਿਖੇ ਕਦਮ ਚੁੱਕੇ ਗਏ ਹਨ:

ਸੌਲਿਸਟਰ ਜਨਰਲ ਅਤੇ ਪਬਲਿਕ ਸੇਫਟੀ ਦੇ ਮਨਿਸਟਰ

*ਸਿਫਾਰਿਸ਼ 2:*

*ਕਮਰਸ਼ੀਅਲ ਗੱਡੀਆਂ ਦੇ ਸੰਬੰਧ ਵਿੱਚ ਸਪੀਡਿੰਗ (ਤੇਜ਼ ਰਫਤਾਰ ’ਤੇ ਗੱਡੀ ਚਲਾਉਣ) ਅਤੇ ਟੇਲਗੇਟਿੰਗ (ਦੂਜੀਆਂ ਗੱਡੀਆਂ ਦਾ ਬਹੁਤ ਨੇੜਿਓਂ ਪਿੱਛਾ ਕਰਨ) ਦੇ ਨਿਯਮਾਂ ਦੀ ਪਾਲਣਾ ਕਰਵਾਉਣ ਵਿੱਚ ਵਾਧਾ ਕਰਨਾ। (ਟੇਲਗੇਟਿੰਗ ਦੇ ਸੰਬੰਧ ਵਿੱਚ ਇਸ ਗੱਲ ਦੀ ਸਖਤੀ ਨਾਲ ਤਾਮੀਲ ਕਰਵਾਉਣੀ ਕਿ ਕਮਰਸ਼ੀਅਲ ਗੱਡੀਆਂ ਵਿਚਕਾਰ ਘੱਟੋ-ਘੱਟ 60 ਮੀਟਰ ਦਾ ਫਾਸਲਾ ਹੋਵੇ)*

ਕਮਰਸ਼ੀਅਲ ਗੱਡੀਆਂ ਦੇ ਸੰਬੰਧ ਵਿੱਚ ਸਪੀਡਿੰਗ ਅਤੇ ਟੇਲਗੇਟਿੰਗ ਦੇ ਨਿਯਮਾਂ ਦੀ ਪਾਲਣਾ ਕਰਵਾਉਣੀ ਇਸ ਸਰਕਾਰ ਲਈ ਇਕ ਪਹਿਲ ਵਾਲੀ ਗੱਲ ਰਹੀ ਹੈ ਅਤੇ ਇਸ ਦੇ ਅਸਰ ਪਏ ਹਨ। ਉਦਾਹਰਨ ਲਈ, ਸੁਮੱਚੇ ਬ੍ਰਿਟਿਸ਼ ਕੋਲੰਬੀਆ ਵਿੱਚ ਟ੍ਰੈਫਿਕ ਦੇ ਨਿਯਮਾਂ ਦੀ ਵੱਧ ਪਾਲਣਾ ਕਰਵਾਉਣ ਵਾਲੇ ਯੂਨਿਟਾਂ (ਇਨਹੈਂਸਿਡ ਟ੍ਰੈਫਿਕ ਇਨਫੋਰਸਮੈਂਟ ਯੂਨਿਟਸ) ਵਿੱਚ ਕੰਮ ਕਰਦੀ ਪੁਲਿਸ ਵਲੋਂ ਕਮਰਸ਼ੀਅਲ ਗੱਡੀਆਂ ਵਲੋਂ ਕੀਤੀਆਂ ਉਲੰਘਣਾਵਾਂ ਲਈ ਦਿੱਤੇ ਟਿਕਟਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ, ਜਿਵੇਂ 2005 ਵਿੱਚ 1322 ਟਿਕਟ ਦਿੱਤੇ ਗਏ ਸਨ ਅਤੇ 2009 ਵਿੱਚ 4000 ਟਿਕਟ ਦਿੱਤੇ ਗਏ ਸਨ (ਇਹ ਅੰਦਾਜ਼ੇ ਮੁਢਲੇ ਅੰਕੜਿਆਂ ’ਤੇ ਆਧਾਰਤ ਹਨ – ਅੰਤਿਮ ਅੰਕੜੇ ਅਜੇ ਪ੍ਰਾਪਤ ਨਹੀਂ ਹਨ)।

ਕੈਬਨਿਟ ਦੇ ਆਪਣੇ ਸਹਿਕਰਮੀਆਂ ਦੀ ਤਰਫੋਂ ਮੈਂ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹਾਂ ਕਿ ਕਮਰਸ਼ੀਅਲ ਗੱਡੀਆਂ ਦੇ ਸੰਬੰਧ ਵਿੱਚ ਸਪੀਡਿੰਗ (ਤੇਜ਼ ਰਫਤਾਰ ’ਤੇ ਗੱਡੀ ਚਲਾਉਣ) ਅਤੇ ਟੇਲਗੇਟਿੰਗ (ਬਹੁਤ ਨੇੜਿਓਂ ਪਿੱਛਾ ਕਰਨ) ਦੇ ਨਿਯਮਾਂ ਦੀ ਪਾਲਣਾ ਕਰਵਾਉਣੀ ਇਸ ਸਰਕਾਰ ਦੀ ਲਗਾਤਾਰ ਪਹਿਲ ਰਹੇਗੀ।

*ਸਿਫਾਰਿਸ਼ 3:*

*ਇਹ ਯਕੀਨੀ ਬਣਾਉਣ ਲਈ ਕਿ 15 ਸਵਾਰੀਆਂ ਵਾਲੀਆਂ ਵੈਨਾਂ ਦੇ ਚਾਲਕਾਂ ਕੋਲ ਉਚਿਤ ਲਾਇਸੈਂਸ ਹੋਣ ਅਤੇ ਇਹ ਵੈਨਾਂ ਸੀਟਬੈਲਟਾਂ ਅਤੇ ਗੱਡੀਆਂ ਦੀ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਦੀਆਂ ਹੋਣ , ਮਨਿਸਟਰ ਸੂਬੇ ਦੇ ਸਾਰੇ ਪੁਲਿਸ ਟ੍ਰੈਫਿਕ ਸੈਕਸ਼ਨਾਂ ਨੂੰ ਆਦੇਸ਼ ਜਾਰੀ ਕਰੇ ਕਿ ਉਹ 15 ਸਵਾਰੀਆਂ ਵਾਲੀਆਂ ਭਰੀਆਂ ਵੈਨਾਂ ਦੀਆਂ ਅਚਾਨਕ ਜਾਂਚਾਂ ਨੂੰ ਆਪਣੇ ਕਾਰਜ ਦਾ ਹਿੱਸਾ ਬਣਾਉਣ।*

ਇਸ ਸਿਫਾਰਿਸ਼ ਦੇ ਸਿੱਧੇ ਪ੍ਰਤੀਕਰਮ ਵਜੋਂ ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੀ ਮਨਿਸਟਰੀ ਨੇ ਦਸੰਬਰ 2009 ਵਿੱਚ ਸੂਬੇ ਭਰ ਵਿੱਚ ਸਾਰੀਆਂ ਪੁਲਿਸ ਏਜੰਸੀਆਂ ਨੂੰ ਚਿੱਠੀ ਲਿਖੀ ਸੀ। ਇਸ ਚਿੱਠੀ ਵਿੱਚ ਮਨਿਸਟਰੀ ਨੇ ਪੁਲਿਸ ਏਜੰਸੀਆਂ ਨੂੰ ਕੌਰਨਰ ਦੀ ਜਿਊਰੀ ਦੀਆਂ ਸਿਫਾਰਸ਼ਾਂ ਬਾਰੇ ਦੱਸਿਆ ਸੀ ਅਤੇ 15 ਸਵਾਰੀਆਂ ਦੀਆਂ ਵੈਨਾਂ ਬਾਰੇ ਸਾਰੇ ਲਾਇਸੈਂਸਾਂ, ਸਵਾਰੀਆਂ ਲਈ ਸੀਟ-ਬੈਲਟਾਂ ਅਤੇ ਗੱਡੀ ਦੀ ਸੁਰੱਖਿਆ ਦੀਆਂ ਸ਼ਰਤਾਂ ਦੇ ਨਿਯਮਾਂ ਦੀ ਲਗਾਤਾਰ ਪਾਲਣਾ ਕਰਵਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਸੀ। ਨਾਲ ਹੀ ਮਨਿਸਟਰੀ ਇਹਨਾਂ ਪੁਲਿਸ ਏਜੰਸੀਆਂ ਤੋਂ ਪੁੱਛ-ਗਿੱਛ ਕਰੇਗੀ ਅਤੇ ਉਹਨਾਂ ਨੂੰ ਕਹੇਗੀ ਕਿ ਉਹ ਇਸ ਸਿਫਾਰਿਸ਼ ਦੇ ਸੰਬੰਧ ਵਿੱਚ ਚੁੱਕੇ ਆਪਣੇ ਖਾਸ ਕਦਮਾਂ ਬਾਰੇ ਬਕਾਇਦਗੀ ਨਾਲ ਰਿਪੋਰਟ ਕਰਨ। ਇਸ ਦੇ ਨਾਲ ਹੀ, ਲੋਅਰ ਮੇਨਲੈਂਡ ਦੀ ਪੁਲਿਸ, ਕਮਰਸ਼ੀਅਲ ਵਿਹੀਕਲ ਸੇਫਟੀ ਐਂਡ ਇਨਫੋਰਸਮੈਂਟ (ਸੀ ਵੀ ਐੱਸ ਈ), ਵਰਕਸੇਫ ਬੀ ਸੀ ਅਤੇ ਇੰਪਲੋਆਏਮੈਂਟ ਸਟੈਂਡਰਡਜ਼ ਬ੍ਰਾਂਚ ਨੂੰ ਮਿਲਾ ਕੇ ਮਈ 2007 ਵਿੱਚ ਸੜਕਾਂ ਉੱਤੇ ਗੱਡੀਆਂ ਦੀ ਇਨਸਪੈਕਸ਼ਨ ਲਈ ਸਥਾਪਤ ਕੀਤੇ (ਇੰਟਰਾਏਜੰਸੀ ਰੋਡਸਾਈਡ ਇਨਸਪੈਕਸ਼ਨ ਪ੍ਰੋਗਰਾਮ) ਵਿੱਚ ਵੀ ਹਿੱਸਾ ਲੈਂਦੀ ਹੈ। ਇਹ ਪ੍ਰੋਗਰਾਮ ਗੱਡੀਆਂ ਦੇ ਸੁਰੱਖਿਆ ਦੇ ਮਿਆਰਾਂ ਅਤੇ ਮੁਸਾਫਰਾਂ ਵਾਲੀਆਂ ਵੈਨਾਂ ਲਈ ਇਨਸਪੈਕਸ਼ਨਾਂ, ਡਰਾਈਵਰਾਂ ਅਤੇ ਫਾਰਮ ਲੇਬਰ ਕੰਟਰੈਕਟਰਾਂ ਉੱਤੇ ਕੇਂਦਰਿਤ ਹੈ ਅਤੇ ਕੌਰਨਰ ਦੀ ਰਿਪੋਰਟ ਵਿੱਚ ਉਠਾਏ ਮੁੱਦਿਆਂ ਦੀ ਰੌਸ਼ਨੀ ਵਿੱਚ ਪੁਲਿਸ ਵਲੋਂ ਨਿਯਮਾਂ ਦੀ ਪਾਲਣਾ ਕਰਵਾਉਣ ਲਈ ਕੀਤੀਆਂ ਜਾਂਦੀਆਂ ਸਰਗਰਮੀਆਂ ਦਾ ਇਕ ਮਹੱਤਵਪੂਰਨ ਅੰਗ ਹੈ। ਲੋਅਰ ਮੇਨਲੈਂਡ ਦੀ ਪੁਲਿਸ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਜਾਰੀ ਰੱਖੇਗੀ।

ਇੰਟਰਾਏਜੰਸੀ ਰੋਡਸਾਈਡ ਇਨਸਪੈਕਸ਼ਨ ਪ੍ਰੋਗਰਾਮ ਬਾਰੇ, ਇਸ ਕਾਰਨ ਹੁਣ ਤੱਕ ਨਿਕਲੇ ਨਤੀਜਿਆਂ ਬਾਰੇ ਅਤੇ ਇਸ ਬਾਰੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਕ੍ਰਿਪਾ ਕਰੇ ਸਿਫਾਰਿਸ਼ 16 ਦਾ ਜੁਆਬ ਦੇਖੋ।

ਵਰਕਸੇਫ ਬੀ ਸੀ

*ਸਿਫਾਰਿਸ਼ 4:*

*13 ਜਾਂ ਵੱਧ ਸਵਾਰੀਆਂ ਵਾਲੀਆਂ ਗੱਡੀਆਂ ਦੇ ਮਾਲਕਾਂ/ਚਾਲਕਾਂ ਨੂੰ ਯਾਦ ਕਰਾਇਆ ਜਾਵੇ ਕਿ ਕਲਾਸ 4 ਲਾਇਸੈਂਸ ਦੀ ਲੋੜ ਹੈ ਅਤੇ ਇਹ ਨਿਯਮ ਸਖਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਇਸ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ।*

ਇਸ ਸਿਫਾਰਿਸ਼ ਦੇ ਜੁਆਬ ਵਿੱਚ ਵਰਕਸੇਫ ਬੀ ਸੀ ਦੇ ਵੈੱਬਸਾਈਟ ’ਤੇ ਇਨਸਪੈਕਸ਼ਨ ਕਰਨ-ਵਾਲੀਆਂ ਗੱਲਾਂ ਦੀ ਆਮ ਸੂਚੀ (ਇਨਸਪੈਕਸ਼ਨ ਚੈੱਕਲਿਸਟ) ਦਿੱਤੀ ਜਾਵੇਗੀ, ਜਿਸ ਨੂੰ ਕਾਮਿਆਂ ਨੂੰ ਕੰਮਾਂ ਉੱਤੇ ਢੋਣ ਵਾਲੇ ਮਾਲਕ ਵਰਤ ਸਕਣਗੇ। ਇਨਸਪੈਕਸ਼ਨ ਕਰਨ ਵਾਲੀਆਂ ਗੱਲਾਂ ਦੀ ਇਹ ਸੂਚੀ ਨਿਯਮਾਂ, ਡਰਾਈਵਰਾਂ ਦੀ ਯੋਗਤਾ ਅਤੇ ਗੱਡੀਆਂ ਅਤੇ ਚਾਲਕਾਂ ਲਈ ਲਾਈਸੈਂਸ ਦੀਆਂ ਸ਼ਰਤਾਂ ਬਾਰੇ ਸੇਧ ਦੇਵੇਗੀ ਅਤੇ ਮਾਲਕਾਂ ਨੂੰ ਯਾਦ ਕਰਵਾਏਗੀ ਕਿ ਆਕੂਪੇਸ਼ਨਲ ਹੈੱਲਥ ਐਂਡ ਸੇਫਟੀ (ਕੰਮਾਂ ਉੱਤੇ ਸਿਹਤ ਅਤੇ ਸੁਰੱਖਿਆ) ਦੇ ਕਾਨੂੰਨਾਂ ਅਤੇ ਨਿਯਮਾਂ ਦੀਆਂ ਵਾਰ ਵਾਰ ਕੀਤੀਆਂ ਜਾਣ ਵਾਲੀਆਂ ਉਲੰਘਣਾਵਾਂ ਦੇ ਕੇਸਾਂ ਵਿੱਚ ਪ੍ਰਬੰਧਕੀ ਸਜ਼ਾਵਾਂ/ਜੁਰਮਾਨੇ ਲਗਾਏ ਜਾ ਸਕਣਗੇ।

ਇਸ ਦੇ ਨਾਲ ਹੀ ਇੰਟਰਾਏਜੰਸੀ ਰੋਡ ਸਾਈਡ ਇਨਸਪੈਕਸ਼ਨ ਪ੍ਰੋਗਰਾਮ ਵਿੱਚ ਸ਼ਮੂਲੀਅਤ ਦੇ ਹਿੱਸੇ ਵੱਜੋਂ, ਵਰਕਸੇਫ ਬੀ ਸੀ ਦੇ ਅਫਸਰ ਸਿਹਤ ਅਤੇ ਸੁਰੱਖਿਆ ਦੇ ਸਾਰੇ ਲਾਗੂ ਮਾਮਲਿਆਂ ਦੀ ਇਨਸਪੈਕਸ਼ਨ ਕਰਨਗੇ, ਅਤੇ ਕਮਰਸ਼ੀਅਲ ਵਿਹੀਕਲ ਸੇਫਟੀ ਐਂਡ ਇਨਫੋਰਸਮੈਂਟ (ਸੀ ਵੀ ਐੱਸ ਈ) ਦੇ ਆਪਣੇ ਭਾਈਵਾਲਾਂ ਨਾਲ ਮਿਲਕੇ ਡਰਾਈਵਰਾਂ ਦੀਆਂ ਯੋਗਤਾਵਾਂ ਅਤੇ ਲਾਈਸੈਂਸ ਦੀਆਂ ਸ਼ਰਤਾਂ ਉੱਪਰ ਜ਼ੋਰ ਦੇਣਗੇ। ਵਰਕਸੇਫ ਬੀ ਸੀ ਇਸ ਪ੍ਰੋਗਰਾਮ ਵਿੱਚ ਆਪਣੀ ਸ਼ਮੂਲੀਅਤ ਜਾਰੀ ਰੱਖੇਗਾ ਅਤੇ ਸਿਹਤ ਅਤੇ ਸੁਰੱਖਿਆ ਦੇ ਸਾਰੇ ਲਾਗੂ ਨਿਯਮਾਂ, ਡਰਾਈਵਰਾਂ ਦੀਆਂ ਯੋਗਤਾਵਾਂ ਅਤੇ ਲਾਈਸੈਂਸ ਦੀਆਂ ਸ਼ਰਤਾਂ ਦੀ ਤਾਮੀਲ ਕਰਵਾਉਣ ਲਈ ਇਸ ਦੀ ਜ਼ੋਰਦਾਰ ਢੰਗ ਨਾਲ ਵਰਤੋਂ ਕਰੇਗਾ। ਇਸ ਪ੍ਰੋਗਰਾਮ ਵਿੱਚ ਵਰਕਸੇਫ ਬੀ ਸੀ ਦੀ ਲਗਾਤਾਰ ਸ਼ਮੂਲੀਅਤ ਮਾਲਕਾਂ/ਚਾਲਕਾਂ ਨੂੰ ਉਹਨਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਅਤੇ ਉਹਨਾਂ ਦੀ ਪਾਲਣਾ ਨਾ ਕਰਨ ਕਾਰਨ ਨਿਕਲਣ ਵਾਲੇ ਨਤੀਜਿਆਂ ਬਾਰੇ ਸਪਸ਼ਟ ਯਾਦ ਕਰਵਾਉਣ ਦਾ ਸਾਧਨ ਬਣੇਗੀ।

*ਸਿਫਾਰਿਸ਼ 5:*

*ਵਰਕਸੇਫ ਬੀ ਸੀ ਅੰਗਰੇਜ਼ੀ ਦੇ ਅਤੇ ਬਹੁ-ਸਭਿਆਚਾਰਕ ਟੈਲੀਵਿਜ਼ਨ ਅਤੇ ਰੇਡੀਓ ਸਟੇਸ਼ਨਾਂ ਉੱਤੇ ਦੇਣ ਲਈ ਖੇਤ ਮਜ਼ਦੂਰਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਇਸ਼ਤਿਹਾਰ ਤਿਆਰ ਕਰੇ।*

ਪਤਝੜ 2008 ਤੋਂ ਵਰਕਸੇਫ ਬੀ ਸੀ ਨੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਅੰਗਰੇਜ਼ੀ ਅਤੇ ਪੰਜਾਬੀ ਦੇ ਅਖ਼ਬਾਰਾਂ ਅਤੇ ਰੇਡੀਓ ਸਟੇਸ਼ਨਾਂ ਉੱਤੇ ਦੇਣ ਲਈ ਵੱਡੀ ਗਿਣਤੀ ਵਿੱਚ ਇਸ਼ਤਿਹਾਰ ਅਤੇ ਲਿਖਤਾਂ ਤਿਆਰ ਕੀਤੀਆਂ ਹਨ। 2009 ਦੇ ਅਖੀਰ ਤੱਕ ਕਾਮਿਆਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਅਤੇ ਵਰਕਸੇਫ ਬੀ ਸੀ ਦੀ ਪੰਜਾਬੀ ਸਮੇਤ ਹੋਰ ਵੱਖ ਵੱਖ ਬੋਲੀਆਂ ਵਿੱਚ ਗੱਲਬਾਤ ਕਰਨ ਦੀ ਯੋਗਤਾ ਬਾਰੇ 240 ਇਸ਼ਤਿਹਾਰ ਅਤੇ ਲਿਖਤਾਂ ਦਿੱਤੀਆਂ ਗਈਆਂ ਸਨ। ਇਸ ਦੇ ਨਾਲ ਹੀ ਵਰਕਸੇਫ ਬੀ ਸੀ ਨੇ ਪੰਜਾਬੀ ਸਮੇਤ ਸੱਤ ਭਾਸ਼ਾਵਾਂ ਵਿੱਚ ਵੈੱਬ-ਪੋਰਟਲ ਤਿਆਰ ਕੀਤੇ ਹਨ, ਜਿਹਨਾਂ ਵਿੱਚ ਸਿਹਤ ਅਤੇ ਸੁਰੱਖਿਆ, ਦਾਅਵਿਆਂ ਅਤੇ ਮੁੱਲਾਂਕਣਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਦਾਹਰਨ ਲਈ ਵਰਕਸੇਫ ਬੀ ਸੀ ਦੇ ਵੈੱਬਸਾਈਟ ਉੱਤੇ ਸਿਹਤ ਅਤੇ ਸੁਰੱਖਿਆ ਬਾਰੇ ਪੰਜਾਬੀ ਵਿੱਚ 25 ਲਿਖਤਾਂ ਅਤੇ ਵੀਡੀਓ ਦਿੱਤੀਆਂ ਗਈਆਂ ਹਨ।

2010 ਵਿੱਚ ਵਰਕਸੇਫ ਬੀ ਸੀ ਨੇ ਦੱਖਣੀ ਏਸ਼ੀਆਈ ਕਮਿਊਨਿਟੀ ਨਾਲ ਕਈ ਤਰ੍ਹਾਂ ਦੇ ਮਾਮਲਿਆਂ ਬਾਰੇ ਗੱਲਬਾਤ ਕਰਨ ਲਈ ਜ਼ਿਆਦਾ ਵਸੀਲੇ ਰਾਖਵੇਂ ਰੱਖੇ ਹਨ, ਖਾਸ ਕਰਕੇ ਸਿਹਤ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਕਾਮਿਆਂ ਅਤੇ ਮਾਲਕਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਗੱਲਬਾਤ ਕਰਨ ਲਈ। ਵਰਕਸੇਫ ਬੀ ਸੀ ਜਾਂਚ ਦੀਆਂ ਸਿਫਾਰਿਸ਼ਾਂ ਨੂੰ ਬਹੁਤ ਨੇੜਿਓਂ ਦੇਖ ਰਿਹਾ ਹੈ ਅਤੇ ਜਦੋਂ ਕਿ ਅਜੇ ਵਰਕਸੇਫ ਬੀ ਸੀ ਦੇ 2010 ਵਿੱਚ ਲੋਕਾਂ ਤੱਕ ਪਹੁੰਚ ਕਰਨ ਦੇ ਪ੍ਰੋਗਰਾਮ ਦੇ ਵੇਰਵੇ ਮੁਕੰਮਲ ਕੀਤੇ

ਜਾ ਰਹੇ ਹਨ, ਫਿਰ ਵੀ ਉਹਨਾਂ ਨੇ ਏਸ਼ੀਅਨ ਪੋਸਟ, ਸਾਊਥ ਏਸ਼ੀਅਨ ਪੋਸਟ ਅਤੇ ਫਿਲਪੀਨੋ ਪੋਸਟ ਵਿੱਚ ਸੁਰੱਖਿਆ ਬਾਰੇ ਕਾਲਮ ਪ੍ਰਕਾਸ਼ਤ ਕੀਤੇ ਹਨ ਅਤੇ 2010 ਵਿੱਚ ਹੋਰ ਕਈ ਕੁੱਝ ਕੀਤਾ ਜਾਵੇਗਾ।

ਇਸ ਦੇ ਨਾਲ ਹੀ, ਵਰਕਸੇਫ ਬੀ ਸੀ ਫਾਰਮ ਐਂਡ ਰੈਂਚ ਸੇਫਟੀ ਐਂਡ ਹੈੱਲਥ ਐਸੋਸੀਏਸ਼ਨ (ਫਾਰਸ਼ਾ - ਐੱਫ ਏ ਆਰ ਐੱਸ ਐੱਚ ਏ) ਨੂੰ ਪੈਸੇ ਦਿੰਦਾ ਹੈ, ਜੋ ਇੰਡਸਟਰੀ ਵਿੱਚ ਸਿਹਤ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਦੀ ਹੈ। 1994 ਵਿੱਚ ਆਪਣੇ ਜਨਮ ਤੋਂ ਲੈ ਕੇ ਫਾਰਸ਼ਾ ਨੂੰ ਵਰਕਸੇਫ ਬੀ ਸੀ ਵਲੋਂ 89 ਲੱਖ (8.9 ਮਿਲੀਅਨ) ਡਾਲਰ ਦਿੱਤੇ ਗਏ ਹਨ (ਅੰਦਾਜ਼ਨ 550000 ਡਾਲਰ ਸਾਲਾਨਾ)।

ਇਹ ਐਸੋਸੀਏਸ਼ਨ ਖੇਤ ਮਜ਼ਦੂਰਾਂ ਅਤੇ ਮਾਲਕਾਂ ਲਈ ਹੇਠ ਲਿਖੀਆਂ ਸੇਵਾਵਾਂ ਸਮੇਤ ਕਈ ਤਰ੍ਹਾਂ ਦੀਆਂ ਸਿੱਖਿਆ-ਸੇਵਾਵਾਂ ਤਿਆਰ ਕਰਦੀ ਹੈ ਅਤੇ ਪ੍ਰਦਾਨ ਕਰਦੀ ਹੈ:

- ਖੇਤੀ ਦੀ ਸਨਅਤ ਦੇ ਮਾਲਕਾਂ ਲਈ ਸੁਰੱਖਿਆ ਸੇਵਾਵਾਂ ਅਤੇ ਸਿਖਲਾਈ
- ਫਾਰਮ ਲੇਬਰ ਠੇਕੇਦਾਰਾਂ ਲਈ ਇੰਡਸਟਰੀ ਨਾਲ ਸੰਬੰਧਤ ਸੁਰੱਖਿਆ ਪ੍ਰੋਗਰਾਮ
- ਗਰੀਨ ਹਾਊਸ ਅਤੇ ਫਾਰਮ ਲੇਬਰ ਠੇਕੇਦਾਰਾਂ ਸਮੇਤ, ਕਲੇਮ ਪੈਦਾ ਕਰਨ ਦੇ ਸੰਬੰਧ ਵਿੱਚ ਉੱਪਰਲੇ ਗਰੁੱਪਾਂ ਲਈ ਸੱਟ-ਚੋਟ ਘਟਾਉਣ ਦੀਆਂ ਜੁਗਤਾਂ
- ਫੈਡਰਲ ਗੈਸਟ ਵਰਕਰ ਪ੍ਰੋਗਰਾਮ ਅਧੀਨ ਆਉਣ ਵਾਲੇ ਫਾਰਮਾਂ ਲਈ ਸਪੇਨੀ ਵਿੱਚ ਸਿਹਤ ਅਤੇ ਸੁਰੱਖਿਆ ਦੀਆਂ ਸੇਵਾਵਾਂ
- ਅੰਗਰੇਜ਼ੀ, ਪੰਜਾਬੀ ਅਤੇ ਵੀਅਤਨਾਮੀ ਵਿੱਚ ਕੀੜੇ ਮਾਰ ਦਵਾਈਆਂ (ਪੈਸਟੀਸਾਈਡ) ਵਰਤਣ ਦੀ ਸਿਖਲਾਈ
- ਫਾਰਸ਼ਾ ਦੇ ਲੋਕਾਂ ਤੱਕ ਪਹੁੰਚ ਕਰਨ ਦੇ ਹੋਰ ਕੰਮਾਂ ਵਿੱਚ ਸ਼ਾਮਲ ਹਨ: ਕੰਮ ਦੀਆਂ ਥਾਂਵਾਂ ਦਾ ਮੁੱਲਾਂਕਣ, ਸਾਈਟ ਉੱਤੇ ਸਲਾਹ-ਮਸ਼ਵਰਾ, ਇੰਡਸਟਰੀ ਦੇ ਸ਼ੋਅ, ਫਾਰਮਾਂ ਲਈ ਫਸਟ ਏਡ ਦੀ ਸਿਖਲਾਈ, ਪ੍ਰਕਾਸ਼ਨਾਵਾਂ ਅਤੇ ਲੇਖ ਤਿਆਰ ਕਰਨੇ ਅਤੇ ਮੀਡੀਆ ਦੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ।

*ਸਿਫਾਰਿਸ਼ 6:*

*ਮੌਜੂਦਾ 92 ਲੇਬਰ ਠੇਕੇਦਾਰਾਂ ਵੱਲੋਂ ਵਰਤੀਆਂ ਜਾਂਦੀਆਂ ਸਾਰੀਆਂ ਗੱਡੀਆਂ ਦੀਆਂ ਅਚਾਨਕ ਕੰਮ ਉੱਤੇ (ਆਨ-ਸਾਈਟ) ਇਨਸਪੈਕਸ਼ਨਾਂ।*

ਇੰਟਰਾਏਜੰਸੀ ਰੋਡਸਾਈਡ ਇਨਸਪੈਕਸ਼ਨ ਪ੍ਰੋਗਰਾਮ, ਦੇ ਹਿੱਸੇ ਵੱਜੋਂ ਵਰਕਸੇਫ ਬੀ ਸੀ ਕਾਮਿਆਂ ਨੰ ਢੋਣ ਵਾਲੀਆਂ ਸਾਰੀਆਂ ਗੱਡੀਆਂ ਦੀਆਂ ਸੜਕਾਂ ਉੱਪਰ ਅਚਾਨਕ ਇਨਸਪੈਕਸ਼ਨਾਂ ਕਰਦਾ ਹੈ। ਇਸ ਦੇ ਨਾਲ ਹੀ ਵਰਕਸੇਫ ਬੀ ਸੀ ਖੇਤਾਂ ਵਿੱਚ ਜਾ ਕੇ ਵੀ ਅਚਾਨਕ ਇਨਸਪੈਕਸ਼ਨਾਂ ਕਰਦਾ ਹੈ ਜਿੱਥੇ ਕਾਮਿਆਂ ਨੂੰ ਢੋਣ ਵਾਲੀਆਂ ਗੱਡੀਆਂ ਮੌਜੂਦ ਹੁੰਦੀਆਂ ਹਨ। ਇਹ ਇਨਸਪੈਕਸ਼ਨਾਂ ਜਾਰੀ ਰਹਿਣਗੀਆਂ।

ਇਸ ਸਮੇਂ, ਇਹ ਜਾਣਨ ਦਾ ਕੋਈ ਢੰਗ ਨਹੀਂ ਹੈ ਕਿ ਫਾਰਮ ਲੇਬਰ ਠੇਕੇਦਾਰ ਕਾਮਿਆਂ ਨੂੰ ਕਦੋਂ ਅਤੇ ਕਿੱਥੇ ਲੈ ਕੇ ਜਾ ਰਿਹਾ ਹੈ। ਫਿਰ ਵੀ ਵਰਕਸੇਫ ਬੀ ਸੀ ਇੰਪਲੋਏਮੈਂਟ ਸਟੈਂਡਰਡਜ਼ ਬ੍ਰਾਂਚ (ਈ ਐੱਸ ਬੀ) ਨਾਲ ਸਾਂਝੇ ਤੌਰ 'ਤੇ ਕੰਮ ਕਰਨਾ ਜਾਰੀ ਰੱਖੇਗਾ, ਜਿੱਥੇ ਇੰਪਲੌਆਏਮੈਂਟ ਸਟੈਂਡਰਡਜ਼ ਬ੍ਰਾਂਚ ਵਰਕਸੇਫ ਬੀ ਸੀ ਨੂੰ ਰਜਿਸਟਰ ਹੋਏ ਫਾਰਮ ਲੇਬਰ ਠੇਕੇਦਾਰਾਂ ਦੀ ਪਛਾਣ ਕਰਨ ਲਈ ਜਾਣਕਾਰੀ ਦਿੰਦੀ ਹੈ। ਜਦੋਂ ਕਿਸੇ ਕੰਮ ਵਾਲੀ ਥਾਂ (ਫਾਰਮ) ਵਿੱਚ ਫਾਰਮ ਲੇਬਰ ਠੇਕੇਦਾਰਾਂ ਦੀ ਪਛਾਣ ਹੋ ਜਾਵੇ ਅਤੇ ਉਸ ਥਾਂ ਦੀ ਇਨਸਪੈਕਸ਼ਨ ਹੋ ਰਹੀ ਹੋਵੇ ਤਾਂ ਫਾਰਮ ਲੇਬਰ ਠੇਕੇਦਾਰ ਦੀਆਂ ਗੱਡੀਆਂ ਨੂੰ ਵੀ ਇਨਸਪੈਕਸ਼ਨ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਦੇ ਨਾਲ ਹੀ ਇੰਪਲੌਆਏਮੈਂਟ ਸਟੈਂਡਰਡਜ਼ ਬ੍ਰਾਂਚ ਨੇ ਤਸਦੀਕ ਕੀਤੀ ਹੈ ਕਿ ਉਸ ਦੇ ਇਨਸਪੈਕਟਰ ਉਸ ਕੰਮ ਵਾਲੀ ਥਾਂ ਬਾਰੇ ਵਰਕਸੇਫ ਬੀ ਸੀ ਨਾਲ ਸੰਪਰਕ ਕਰਨਗੇ ਜਿੱਥੇ ਕਾਮਿਆਂ ਨੂੰ ਢੋਣ ਵਾਲੀਆਂ ਚਾਰ ਜਾਂ ਵੱਧ ਗੱਡੀਆਂ ਹਾਜ਼ਰ ਹੋਣ। ਵਰਕਸੇਫ ਬੀ ਸੀ ਦੇ ਅਫਸਰ ਗੱਡੀ ਅਤੇ ਫਾਰਮ ਦੀ ਇਨਸਪੈਕਸ਼ਨ ਕਰਨ ਲਈ ਇਕਦਮ ਕਦਮ ਚੁੱਕਣਗੇ। ਜੇ ਲੋੜ ਜਾਪੇ ਤਾਂ ਵਰਕਸੇਫ ਬੀ ਸੀ ਕਮਰਸ਼ੀਅਲ ਵਿਹੀਕਲ ਸੇਫਟੀ ਐਂਡ ਇਨਫੋਰਸਮੈਂਟ (ਸੀ ਵੀ ਐਸ ਈ) ਦੇ ਕਰਮਚਾਰੀਆਂ ਨੂੰ ਉੱਥੇ ਆਉਣ ਦੀ ਬੇਨਤੀ ਕਰੇਗਾ।

## ਮੋਟਰ ਵਿਹੀਕਲ ਦੇ ਸੁਪਰਡੈਂਟ ਦਾ ਦਫਤਰ

*ਸਿਫਾਰਿਸ਼ 7:*

*ਸਾਰੀਆਂ ਕਮਰਸ਼ੀਅਲ ਗੱਡੀਆਂ ਅਤੇ ਖਾਸ ਕਰਕੇ 15 ਸਵਾਰੀਆਂ ਵਾਲੀਆਂ ਵੈਨਾਂ ਦੀਆਂ ਅਚਾਨਕ ਜਾਚਾਂ ਵਿੱਚ ਵਾਧਾ ਕੀਤਾ ਜਾਵੇ।*

ਮਈ 2007 ਵਿੱਚ ਆਪਣੇ ਜਨਮ ਤੋਂ ਲੈ ਕੇ, ਇੰਟਰਾਏਜੰਸੀ ਰੋਡ ਸਾਈਡ ਇਨਸਪੈਕਸ਼ਨ ਪ੍ਰੋਗਰਾਮ ਨੇ ਸਾਰੀਆਂ ਕਮਰਸ਼ੀਅਲ ਗੱਡੀਆਂ ਅਤੇ ਖਾਸ ਕਰਕੇ 15 ਸਵਾਰੀਆਂ ਵਾਲੀਆਂ ਵੈਨਾਂ ਦੀਆਂ ਸੜਕਾਂ ਉੱਪਰ ਕੀਤੀਆਂ ਜਾਣ ਵਾਲੀਆਂ ਅਚਾਨਕ ਜਾਚਾਂ ਵਿੱਚ ਵਾਧਾ ਕੀਤਾ ਹੈ। ਮੋਟਰ ਵਿਹੀਕਲ ਦੇ ਸੁਪਰਡੈਂਟ ਦਾ ਦਫਤਰ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਜਾਰੀ ਰੱਖੇਗਾ।

ਇੰਟਰਾਏਜੰਸੀ ਰੋਡ ਸਾਈਡ ਇਨਸਪੈਕਸ਼ਨ ਪ੍ਰੋਗਰਾਮ, ਹੁਣ ਤੱਕ ਇਸ ਦੇ ਕੰਮ ਦੇ ਨਤੀਜਿਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਲੈਣ ਲਈ ਸਿਫਾਰਿਸ਼ 16 ਦਾ ਜੁਆਬ ਦੇਖੋ।

*ਸਿਫਾਰਿਸ਼ 8:*

*15 ਸਵਾਰੀਆਂ ਵਾਲੀਆਂ ਭਰੀਆਂ ਹੋਈਆਂ ਵੈਨਾਂ ਨੂੰ ਵੱਧ-ਖਤਰੇ ਵਾਲੀਆਂ ਗੱਡੀਆਂ (ਹਾਈ-ਰਿਸਕ ਵਿਹੀਕਲਜ਼) ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇ ਜਿਹਨਾਂ ਨੂੰ ਰੋਕਿਆ ਜਾ ਸਕਦਾ ਹੋਵੇ ਖਾਸ ਕਰਕੇ ਜਦੋਂ ਉਹ ਪੂਰੀ ਤਰ੍ਹਾਂ ਭਰੀਆਂ ਹੋਣ।*

ਇਸ ਸਿਫਾਰਿਸ਼ ਦੇ ਮੰਤਵ ਨਾਲ ਕਾਨੂੰਨੀ ਤਰਮੀਮਾਂ ਨਾਲ ਨਜਿੱਠਿਆ ਗਿਆ ਹੈ ਜਿਹਨਾਂ ਨੂੰ 15 ਸਵਾਰੀਆਂ ਵਾਲੀਆਂ ਵੈਨਾਂ ਅਤੇ ਖਾਸ ਕਰਕੇ ਖੇਤ ਮਜ਼ਦੂਰਾਂ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਲਾਗੂ ਕੀਤਾ ਗਿਆ ਸੀ। ਖਾਸ ਕਰਕੇ ਮਈ 2007

ਵਿੱਚ *ਇੰਪਲੋਆਏਮੈਂਟ ਸਟੈਂਡਰਡਜ਼ ਐਕਟ* ਵਿੱਚ ਤਬਦੀਲੀਆਂ ਦਾ ਐਲਾਨ ਕੀਤਾ ਗਿਆ ਸੀ, ਜਿਹਨਾਂ ਨੂੰ ਅਪ੍ਰੈਲ 2008 ਵਿੱਚ ਪਾਸ ਕੀਤਾ ਗਿਆ ਸੀ। ਇਹ ਕਾਨੂੰਨ ਸੁਰੱਖਿਆ ਦੇ ਕਾਰਨਾਂ ਕਰਕੇ ਫਾਰਮ ਲੇਬਰ ਠੇਕੇਦਾਰ ਦੇ ਲਾਇਸੈਂਸ ਨੂੰ ਕੈਂਸਿਲ ਕਰਨ ਜਾਂ ਮੁਲਤਵੀ ਕਰਨ ਦਾ ਅਧਿਕਾਰ ਦਿੰਦਾ ਹੈ। ਇਸ ਦੇ ਨਾਲ ਨਾਲ, ਜਦੋਂ ਸੜਕ ਉੱਤੇ ਕੀਤੀ ਜਾਂਚ ਤੋਂ ਬਾਅਦ ਫਾਰਮ ਲੇਬਰ ਠੇਕੇਦਾਰ ਦੀ ਅਣਸੁਰੱਖਿਅਤ ਗੱਡੀ ਨੂੰ ਚਲਾਉਣ ਤੋਂ ਰੋਕ ਲਾਈ ਜਾਂਦੀ ਹੈ ਤਾਂ ਠੇਕੇਦਾਰ ਲਈ ਕੰਮ 'ਤੇ ਜਾਣ ਦੇ ਬਦਲਵੇਂ ਬੰਦੋਬਸਤ ਦਾ ਖਰਚਾ ਦੇਣਾ ਜ਼ਰੂਰੀ ਹੈ। ਕਾਨੂੰਨ ਇਹ ਵੀ ਮੰਗ ਕਰਦਾ ਹੈ ਕਿ ਫਾਰਮਰ ਸਿਰਫ ਲਾਇਸੈਂਸ ਵਾਲੇ ਠੇਕੇਦਾਰਾਂ ਨੂੰ ਹੀ ਕੰਮ ਉੱਤੇ ਰੱਖੇ।

ਇਸ ਦੇ ਨਾਲ ਹੀ *ਮੋਟਰ ਵਿਹੀਕਲ ਐਕਟ* ਰੈਗੂਲੇਸ਼ਜ਼ (ਐੱਮ ਵੀ ਏ ਆਰ- ਮੋਟਰ ਵਿਹੀਕਲ ਐਕਟ ਦੇ ਨਿਯਮਾਂ) ਨੂੰ ਮਈ 2007 ਵਿੱਚ ਸੋਧਿਆ ਗਿਆ ਸੀ ਜਿਸ ਅਨੁਸਾਰ ਗੱਡੀਆਂ ਵਿੱਚ ਇਕ ਸਵਾਰੀ ਮਗਰ ਇਕ ਸੀਟ-ਬੈਲਟ ਹੋਣੀ ਜ਼ਰੂਰੀ ਹੈ। ਗੱਡੀਆਂ ਦੇ ਉਲਟਣ ਵਾਲੀਆਂ ਦੁਰਘਟਨਾਵਾਂ ਵਿੱਚ ਸੀਟ-ਬੈਲਟਾਂ ਦਾ ਲੱਗਾ ਹੋਣਾ ਬਚਾਅ ਦੇ ਮੌਕਿਆਂ ਵਿੱਚ ਨਾਟਕੀ ਵਾਧਾ ਕਰਦਾ ਹੈ।

*ਸਿਫਾਰਿਸ਼ 9:*

*ਇਹ ਯਕੀਨੀ ਬਣਾਉਣ ਲਈ ਕਿ ਸੀਟ-ਬੈਲਟ ਦੀ ਲਾਜ਼ਮੀ ਵਰਤੋਂ ਬਾਰੇ ਕੋਈ ਭੰਬਲਭੂਸਾ ਨਾ ਰਹੇ ਸੁਪਰਡੈਂਟ "ਬੱਸ" ਸ਼ਬਦ ਨਾਲ ਸੰਬੰਧਤ ਮੌਜੂਦਾ ਕਾਨੂੰਨ ਉੱਤੇ ਗੌਰ ਕਰੇ ਅਤੇ ਇਸ ਬਾਰੇ ਤਰਮੀਮ ਭੇਜੇ।*

ਮਈ 2007 ਵਿੱਚ *ਮੋਟਰ ਵਿਹੀਕਲ ਐਕਟ* ਵਿੱਚ ਕੀਤੀ ਇਕ ਤਰਮੀਮ ਰਾਹੀਂ ਇਸ ਸਿਫਾਰਿਸ਼ ਨਾਲ ਪਹਿਲਾਂ ਹੀ ਨਜਿੱਠ ਲਿਆ ਗਿਆ ਹੈ। ਖਾਸ ਕਰਕੇ, ਇਹ ਸਪਸ਼ਟ ਕਰਨ ਲਈ ਕਿ ਸੀਟ-ਬੈਲਟ ਦੀ ਵਰਤੋਂ ਕਦੋ ਲਾਜ਼ਮੀ ਹੈ, ਨਿਯਮ (ਰੈਗੂਲੇਸ਼ਨ) ਵਿੱਚ ਸੋਧ ਕੀਤੀ ਗਈ ਸੀ ਕਿ ਗੱਡੀ ਵਿਚਲੀ ਹਰ ਇਕ ਸਵਾਰੀ ਲਈ ਇਕ ਸੀਟ-ਬੈਲਟ ਚਾਹੀਦੀ ਹੈ ਅਤੇ ਉਹਨਾਂ ਢੋਣ ਵਾਲੀਆਂ ਕੰਪਨੀਆਂ, ਕੰਮ ਮਾਲਕਾਂ, ਗੱਡੀ ਦੇ ਮਾਲਕਾਂ ਅਤੇ ਡਰਾਈਵਰਾਂ ਲਈ ਜੁਰਮਾਨਿਆਂ ਦਾ ਪ੍ਰਬੰਧ ਕੀਤਾ ਗਿਆ ਸੀ ਜੋ ਵਾਜਬ ਸੀਟ-ਬੈਲਟਾਂ ਨਾਲੋਂ ਵੱਧ ਸਵਾਰੀਆਂ ਨਾਲ ਭਰੀਆਂ ਗੱਡੀਆਂ ਨੂੰ ਚਲਾਉਣ ਦੀ ਆਗਿਆ ਦੇਣ।

ਡਰਾਈਵਰਾਂ ਜਾਂ ਸਵਾਰੀਆਂ ਨੂੰ 167 ਡਾਲਰ ਦੇ ਟਿਕਟ (ਵਿਕਟਿਮ ਸਰਚਾਰਜ ਸਮੇਤ) ਜਾਰੀ ਕੀਤੇ ਜਾ ਸਕਦੇ ਹਨ, ਜੇ:

- ਉਹ ਬੈਠੇ ਹੋਏ ਨਾ ਹੋਣ
- ਉਹਨਾਂ ਸੀਟ-ਬੈਲਟ ਨਾ ਲਾਈ ਹੋਵੇ
- ਇਕ ਸੀਟ 'ਤੇ ਸਿਰਫ ਇਕ ਹੀ ਸਵਾਰੀ ਨਾ ਬੈਠੀ ਹੋਵੇ

ਡਰਾਈਵਰਾਂ ਨੂੰ 167 ਡਾਲਰ ਦੇ ਟਿਕਟ (ਵਿਕਟਿਮ ਸਰਚਾਰਜ ਸਮੇਤ) ਜਾਰੀ ਕੀਤੇ ਜਾ ਸਕਦੇ ਹਨ, ਜੇ:

- ਉਹ ਸਵਾਰੀਆਂ ਨੂੰ ਸੀਟ-ਬੈਲਟ ਤੋਂ ਬਿਨਾਂ ਬੈਠਣ ਦੀ ਆਗਿਆ ਦੇਣ;

- ਉਹ ਸੀਟ-ਬੈਲਟਾਂ ਤੋਂ ਬਿਨਾਂ ਗੱਡੀ ਚਲਾਉਣ;
- ਉਹ ਕੰਮ ਨਾ ਕਰਦੀਆਂ ਸੀਟ-ਬੈਲਟਾਂ ਵਾਲੀ ਗੱਡੀ ਚਲਾਉਣ;
- ਉਹ ਉਸ ਵੇਲੇ ਗੱਡੀ ਚਲਾਉਣ ਜਦੋਂ ਕੋਈ ਵਿਅਕਤੀ ਗੱਡੀ ਦੇ ਉੱਪਰ (ਬਾਹਰ) ਬੈਠਾ ਹੋਵੇ;
- ਉਹ ਇਕ ਸੀਟ ’ਤੇ ਇਕ ਤੋਂ ਵੱਧ ਬੈਠੀਆਂ ਸਵਾਰੀਆਂ ਵਾਲੀ ਗੱਡੀ ਚਲਾਉਣ
- ਉਹ ਉਸ ਸਮੇਂ ਗੱਡੀ ਚਲਾਉਣ ਜਦੋਂ ਕੋਈ ਵਿਅਕਤੀ ਸੀਟ ’ਤੇ ਬੈਠਾ ਨਾ ਹੋਵੇ;
- ਹੱਦ ਤੋਂ ਵੱਧ ਸੀਟਾਂ ਵਾਲੀਆਂ ਗੱਡੀਆਂ ਚਲਾਉਣ

ਹੇਠ ਲਿਖੀਆਂ ਹਾਲਤਾਂ ਵਿੱਚ ਗੱਡੀ ਚਲਾਉਣ ਲਈ ਕਹਿਣ, ਗੱਡੀ ਚਲਾਉਣ ਦੀ ਮੰਗ ਕਰਨ ਜਾਂ ਗੱਡੀ ਚਲਾਉਣ ਦੀ ਆਗਿਆ ਦੇਣ ਲਈ ਗੱਡੀਆਂ ਦੀਆਂ ਕੰਪਨੀਆਂ, ਮਾਲਕਾਂ, ਜਾਂ ਡਰਾਈਵਰਾਂ ਦੇ ਕੰਮ ਮਾਲਕਾਂ ਨੂੰ 598 ਡਾਲਰਾਂ ਦਾ ਟਿਕਟ ਮਿਲੇਗਾ (ਵਿਕਟਿਮ ਸਰਚਾਰਜ ਸਮੇਤ):

- ਜਦੋਂ ਗੱਡੀ ਵਿੱਚ ਹੱਦੋਂ ਵੱਧ ਸਵਾਰੀਆਂ ਹੋਣ
- ਗੱਡੀ ਵਿੱਚ ਕੰਮ ਨਾ ਕਰਦੀਆਂ ਸੀਟ-ਬੈਲਟਾਂ ਹੋਣ ਜਾਂ ਅਜਿਹੀਆਂ ਤਬਦੀਲੀਆਂ ਵਾਲੀਆਂ ਸੀਟ-ਬੈਲਟਾਂ ਹੋਣ ਜੋ ਬੈਲਟਾਂ ਦੀ ਕਾਰਗਰਤਾ ਘਟਾਉਂਦੀਆਂ ਹੋਣ;
- ਹੱਦੋਂ ਵੱਧ ਸੀਟਾਂ ਵਾਲੀਆਂ ਗੱਡੀਆਂ

ਇਸ ਦੇ ਨਾਲ ਹੀ ਗੱਡੀ ਵਿੱਚ ਹੱਦੋਂ ਵੱਧ ਵਿਅਕਤੀਆਂ ਨਾਲ ਗੱਡੀ ਚਲਾਉਣ ਲਈ 311 ਡਾਲਰ ਦਾ ਟਿਕਟ (ਵਿਕਟਿਮ ਸਰਚਾਰਜ ਸਮੇਤ) ਮਿਲੇਗਾ। ਨਵੇਂ ਨਿਯਮ (ਰੈਗੂਲੇਸ਼ਨਜ਼) ਉਹਨਾਂ ਗੱਡੀਆਂ ਉੱਤੇ ਲਾਗੂ ਹੁੰਦੇ ਹਨ ਜੋ ਸੀਟ-ਬੈਲਟਾਂ ਨਾਲ ਬਣਾਏ ਗਏ ਸਨ। ਪੁਰਾਣੀਆਂ ਗੱਡੀਆਂ ਅਤੇ ਵੱਡੀਆਂ ਬੱਸਾਂ ਵਰਗੀਆਂ ਗੱਡੀਆਂ ਜਿਹੜੀਆਂ ਸੀਟ-ਬੈਲਟਾਂ ਨਾਲ ਨਹੀਂ ਬਣਾਈਆਂ ਗਈਆਂ ਸਨ, ਵਿੱਚ ਦੁਬਾਰਾ ਸੀਟ-ਬੈਲਟਾਂ ਲਵਾਉਣ ਦੀ ਸ਼ਰਤ ਨਹੀਂ ਹੈ; ਫਿਰ ਵੀ ਉਹ ਉਨੀਆਂ ਹੀ ਸਵਾਰੀਆਂ ਲਿਜਾ ਸਕਦੇ ਹਨ ਜਿੰਨਿਆਂ ਲਈ ਬੈਠਣ ਲਈ ਸੀਟਾਂ ਹੋਣ।

ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਦੇ ਮਨਿਸਟਰ

*ਸਿਫਾਰਿਸ਼ 10[1]:*

*ਇਹ ਯਕੀਨੀ ਬਣਾਓ ਕਿ ਇਨਸਪੈਕਸ਼ਨ ਕਰਨ ਵਾਲੀਆਂ ਥਾਂਵਾਂ ਰਿਪੇਅਰ ਕਰਨ ਵਾਲੀਆਂ ਥਾਂਵਾਂ ਤੋਂ ਵੱਖਰੀਆਂ ਹੋਣ*

ਕਿਸੇ ਵੀ ਥਾਂ ਲਈ ਇਨਸਪੈਕਸ਼ਨ ਕਰਨ ਦਾ ਪ੍ਰਮਾਣ ਸੂਬੇ ਵੱਲੋਂ ਦਿੱਤਾ ਜਾਂਦਾ ਹੈ ਅਤੇ ਆਮ ਤੌਰ ’ਤੇ ਇਹ ਉਸ ਥਾਂ ਦੇ ਕੰਮ ਦਾ ਸਿਰਫ ਇਕ ਹਿੱਸਾ ਹੁੰਦਾ ਹੈ। ਜੇ ਇਨਸਪੈਕਸ਼ਨ ਕਰਨ ਵਾਲੀਆਂ ਥਾਂਵਾਂ ਨੂੰ ਆਪਣੇ ਕੋਲ ਇਨਸਪੈਕਸ਼ਨ ਲਈ ਆਉਣ

[1] ਬੇਸ਼ੱਕ ਸਿਫਾਰਿਸ਼ 10 ਅਤੇ 11 ਮੋਟਰ ਵਿਹੀਕਲ ਦੇ ਸੁਪਰਡੈਂਟ ਵੱਲ ਸੇਧਤ ਸਨ, ਪਰ ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਦੀ ਮਨਿਸਟਰੀ ਇਹਨਾਂ ਮਾਮਲਿਆਂ ਲਈ ਜ਼ਿੰਮੇਵਾਰ ਹੈ ਅਤੇ ਇਸ ਲਈ ਇਹਨਾਂ ਸਿਫਾਰਿਸ਼ਾਂ ਪ੍ਰਤੀ ਸਰਕਾਰ ਦੇ ਜੁਆਬਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੈ।

ਵਾਲੇ ਗਾਹਕਾਂ ਲਈ ਗੱਡੀਆਂ ਦੀ ਰਿਪੇਅਰ ਅਤੇ ਸੰਭਾਲ ਕਰਨ ਦੀ ਆਗਿਆ ਨਾ ਦਿੱਤੀ ਜਾਵੇ ਤਾਂ ਹੋ ਸਕਦਾ ਹੈ ਕਿ ਉਹਨਾਂ ਥਾਂਵਾਂ ਦੇ ਮਾਲਕ ਇਨਸਪੈਕਸ਼ਨਾਂ ਕਰਨੀਆਂ ਬੰਦ ਕਰ ਦੇਣ ਅਤੇ ਸਿਰਫ ਰਿਪੇਅਰ ਅਤੇ ਸੰਭਾਲ ਕਰਨ ਲੱਗ ਪੈਣ ਕਿਉਂਕਿ ਉਸ ਕੰਮ ਵਿੱਚ ਜ਼ਿਆਦਾ ਪੈਸੇ ਬਣਦੇ ਹਨ।

ਉਹਨਾਂ ਥਾਂਵਾਂ ਦੀਆਂ ਲਾਜ਼ਮੀ ਪੜਤਾਲਾਂ ਕੀਤੀਆਂ ਜਾਂਦੀਆਂ ਹਨ ਅਤੇ ਜਦੋਂ ਪ੍ਰਮਾਣਤ ਥਾਂਵਾਂ ਤੋਂ ਇਨਸਪੈਕਸ਼ਨ ਵਿੱਚ ਪਾਸ ਹੋਈਆਂ ਗੱਡੀਆਂ ਸੜਕਾਂ ’ਤੇ ਹੋਣ ਵਾਲੀਆਂ ਇਨਸਪੈਕਸ਼ਨਾਂ ਵਿੱਚ ਫੇਲ ਹੋ ਜਾਣ ਤਾਂ ਉਹਨਾਂ ਥਾਂਵਾਂ ਦੀਆਂ ਖਾਸ ਜਾਂਚਾਂ ਹੋ ਸਕਦੀਆਂ ਹਨ। ਜਦੋਂ ਸੜਕਾਂ ਉੱਤੇ ਕੀਤੀਆਂ ਇਨਸਪੈਕਸ਼ਨਾਂ ਅਤੇ ਇਨਸਪੈਕਸ਼ਨ ਕਰਨ ਵਾਲੀਆਂ ਥਾਂਵਾਂ ਉੱਤੇ ਕੀਤੀਆਂ ਇਨਸਪੈਕਸ਼ਨਾਂ ਵਿੱਚ ਫਰਕ ਲੱਭੇ, ਤਾਂ ਪੜਤਾਲਾਂ ਤੇਜ਼ੀ ਨਾਲ ਕੀਤੀਆਂ ਜਾਂਦੀਆਂ ਹਨ ਅਤੇ ਥਾਂਵਾਂ ਵਲੋਂ ਇਨਸਪੈਕਸ਼ਨ ਕਰ ਸਕਣ ਦੀ ਯੋਗਤਾ ਨੂੰ ਕੈਂਸਿਲ ਕਰਨ ਤੱਕ ਦੰਡ ਦਿੱਤੇ ਜਾਂਦੇ ਹਨ।

ਇਨਸਪੈਕਸ਼ਨ ਵਾਲੀਆਂ ਥਾਂਵਾਂ ਦੀਆਂ ਉਕਾਈਆਂ ਨੂੰ ਦੂਰ ਕਰਨ ਲਈ ਇਨਸਪੈਕਸ਼ਨ ਵਾਲੀਆਂ ਥਾਂਵਾਂ ਅਤੇ ਇਨਸਪੈਕਟਰਾਂ ਦੀ ਨਿਗਰਾਨੀ ਅਤੇ ਉਹਨਾਂ ਵੱਲੋਂ ਨਿਯਮਾਂ ਦੀ ਤਾਮੀਲ ਕਰਵਾਉਣ ਵਿੱਚ ਸੁਧਾਰ ਕਰਨ ਲਈ ਟਰਾਂਸਪੋਰਟੇਸ਼ਨ ਅਤੇ ਇਫਰਾਸਟਰੱਕਚਰ ਦੀ ਮਨਿਸਟਰੀ *ਮੋਟਰ ਵਿਹੀਕਲ ਐਕਟ ਵਿੱਚ* ਸੰਭਾਵੀ ਤਬਦੀਲੀਆਂ ਸਮੇਤ ਕਈ ਹੋਰ ਨਵੇਂ ਮਾਪ ਤਿਆਰ ਕਰ ਰਹੀ ਹੈ। ਇਸ ਵਿੱਚ ਮਕੈਨੀਕਲ ਪੜਤਾਲਾਂ ਲਈ ਦਾਖਲ ਹੋਣ ਦੀ ਜ਼ਿਆਦਾ ਖੁਲ੍ਹ ਅਤੇ ਮਨਿਸਟਰੀ ਵੱਲੋਂ ਥਾਂਵਾਂ ਅਤੇ ਇਨਸਪੈਕਸ਼ਨ ਕਰਨ ਵਾਲੇ ਵਿਅਕਤੀਆਂ ਦੀ ਹੋਰ ਨੇੜਿਓਂ ਛਾਣ-ਬੀਣ ਸ਼ਾਮਲ ਹੈ।

*ਸਿਫਾਰਿਸ਼ 11:*

*ਇਹ ਯਕੀਨੀ ਬਣਾਉਣ ਲਈ ਕਿ ਕੁਆਲਟੀ ਅਤੇ ਸੁਰੱਖਿਆ ਦੇ ਮਾਪ ਬਰਕਰਾਰ ਰੱਖੇ ਜਾਣ ਪ੍ਰਾਈਵੇਟ ਜਾਂਚ ਕਰਨ ਵਾਲੀਆਂ ਥਾਂਵਾਂ ਦੀ ਲਗਾਤਾਰ ਜਾਂਚ ਅਤੇ ਦੁਬਾਰਾ ਸਿਖਲਾਈ ਨੂੰ ਯਕੀਨੀ ਬਣਾਇਆ ਜਾਵੇ*

ਇਸ ਸਮੇਂ ਇਨਸਪੈਕਟਰਾਂ ਲਈ ਆਪਣੇ ਟਰੇਡ ਦੇ ਯੋਗਤਾਂ ਦੇ ਮਾਪਾਂ (ਕੁਆਲੀਫਿਕੇਸ਼ਨ ਸਟੈਂਡਰਡਜ਼) ਅਨੁਸਾਰ ਲੋੜੀਂਦੇ ਟਰੇਡ ਦੀ ਤਸਦੀਕਸ਼ੁਦਾ ਸਿਖਲਾਈ ਅਤੇ ਸੰਭਾਲ ਦੀ ਕਾਰਗੁਜਾਰੀ ਦੇ ਪੱਧਰਾਂ ਨੂੰ ਮੁਕੰਮਲ ਕਰਨਾ ਜ਼ਰੂਰੀ ਹੈ।

ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਦੀ ਮਨਿਸਟਰੀ ਵਾਧੂ ਸਿਖਲਾਈ ਅਤੇ ਦੁਬਾਰਾ ਸਰਟੀਫਿਕੇਟ ਦੇਣ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਚੋਣਾਂ ਵਿਕਸਤ ਕਰਨ ਨੂੰ ਪਹਿਲ ਦੇ ਰਹੀ ਹੈ। ਇਸ ਸਮੇਂ ਮਨਿਸਟਰੀ ਦਾ ਸਟਾਫ ਆਨ ਲਾਈਨ ਟ੍ਰੇਨਿੰਗ ਅਤੇ ਟੈੱਸਟਿੰਗ, ਕਮਿਊਨਿਟੀ ਕਾਲਜ ਦੇ ਪ੍ਰੋਗਰਾਮ ਦਾ ਹਿੱਸਾ ਜਾਂ ਇਹਨਾਂ ਦੋਹਾਂ ਦੇ ਸੁਮੇਲ ਰਾਹੀਂ ਤਿਆਰ ਕੀਤੇ ਪ੍ਰੋਗਰਾਮ ਦੀਆਂ ਚੋਣਾਂ ਉੱਤੇ ਗੌਰ ਕਰ ਰਿਹਾ ਹੈ। ਮਨਿਸਟਰੀ ਵਾਧੂ ਸਿਖਲਾਈ ਅਤੇ ਦੁਬਾਰਾ ਸਰਟੀਫਿਕੇਟ ਦੇਣ ਦੇ ਇਹਨਾਂ ਪ੍ਰੋਗਰਾਮਾਂ ਨੂੰ ਇਸ ਸਾਲ ਦੇ ਪਿਛਲੇ ਹਿੱਸੇ ਵਿੱਚ ਲਾਗੂ ਕਰਨ ਦੀ ਉਮੀਦ ਰੱਖਦੀ ਹੈ।

*ਸਿਫਾਰਿਸ਼ 12:*

*ਫਰੀਵੇਆਂ ਉੱਤੇ ਲੱਗੀਆਂ ਸੀਮੈਂਟ ਦੀਆਂ ਰੋਕਾਂ (ਬੈਰੀਅਰਜ਼) ਨੂੰ ਹਟਾ ਕੇ ਉਹਨਾਂ ਦੀ ਥਾਂ ਸਟਰੈਂਡਡ ਸਟੀਲ ਦੀਆਂ ਤਾਰਾਂ ਦੀਆਂ ਲਚਕਦਾਰ ਰੋਕਾਂ (ਜਿਹੜੇ ਹੁਣ ਅਮਰੀਕਾ ਵਿੱਚ ਵਰਤੇ ਜਾਂਦੇ ਹਨ) ਲਾਉਣ ਬਾਰੇ ਅਧਿਅਨ ਕਰੋ।*

ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਦੀ ਮਨਿਸਟਰੀ ਨੇ ਇਸ ਮਾਮਲੇ ਦਾ ਅਧਿਅਨ ਕੀਤਾ ਹੈ ਅਤੇ ਅਸਲ ਵਿੱਚ ਮਨਿਸਟਰੀ ਤਾਰਾਂ ਦੀਆਂ ਰੋਕਾਂ ਦੇ ਫਾਇਦਿਆਂ ਨੂੰ ਮੰਨਦੀ ਹੈ, ਅਤੇ ਜਿੱਥੇ ਵੀ ਢੁਕਵਾਂ ਹੋਇਆ ਭਵਿੱਖ ਦੇ ਪ੍ਰੋਜੈਕਟਾਂ ਵਿੱਚ ਉੱਥੇ ਇਹਨਾਂ ਦੀ ਵਰਤੋਂ ਕਰੇਗੀ। ਜਦੋਂ ਕਿ ਤਾਰਾਂ ਦੀਆਂ ਰੋਕਾਂ (ਬੈਰੀਅਰਜ਼) ਸੁਰੱਖਿਆ ਵਿੱਚ ਵਾਧਾ ਕਰਦੀਆਂ ਹਨ, ਪਰ ਉਹ ਹਰ ਥਾਂ ਲਈ ਠੀਕ ਨਹੀਂ ਹਨ। ਸੀਮੈਂਟ ਦੀਆਂ ਰੋਕਾਂ ਦੇ ਉਲਟ, ਤਾਰਾਂ ਦੀਆਂ ਰੋਕਾਂ ਟਕਰਾਉਣ ਵਾਲੀਆਂ ਗੱਡੀਆਂ ਦੀ ਕਾਈਨੈਟਕ ਐਨਰਜੀ ਨੂੰ ਜਜ਼ਬ ਕਰ ਲੈਂਦੀਆਂ ਹਨ, ਜਿਸ ਨਾਲ ਗੱਡੀਆਂ ਵਿਚਲੀਆਂ ਸਵਾਰੀਆਂ ਉੱਤੇ ਟੱਕਰ ਦਾ ਅਸਰ ਘੱਟ ਪੈਂਦਾ ਹੈ। ਟੱਕਰ ਨਾਲ ਰੋਕਾਂ ਵਿੱਚ ਝੁਕਾਉ ਪੈਦਾ ਹੁੰਦਾ ਹੈ ਇਸ ਲਈ ਇਹ ਯਕੀਨੀ ਬਣਾਉਣ ਲਈ ਕਿ ਰੋਕਾਂ ਸਹੀ ਤਰ੍ਹਾਂ ਕੰਮ ਕਰਨ, ਵਿਚਕਾਰ ਲੋੜੀਂਦਾ ਵਕਫਾ ਹੋਣਾ ਜ਼ਰੂਰੀ ਹੈ।

*ਸਿਫਾਰਿਸ਼ 13:*

*ਬ੍ਰਿਟਿਸ਼ ਕੋਲੰਬੀਆਂ ਦੇ ਹਾਈਵੇਆਂ ਦੇ ਚੋਣਵੇਂ ਹਿੱਸਿਆਂ ਵਿੱਚ ਮਲਟੀ ਐਕਸਲ ਟਰੈਕਟਰ ਟ੍ਰੇਲਰਾਂ ਵਰਗੀਆਂ ਹੈਵੀ ਕਮਰਸ਼ੀਅਲ ਗੱਡੀਆਂ ਉੱਤੇ ਹੌਲੀ ਚੱਲਣ ਵਾਲੀ ਲਾਈਨ (ਸਲੋਅ ਲੇਨ) ਵਿੱਚ ਚੱਲਣ ਦੀ ਸ਼ਰਤ ਲਾਉਣ ਦੀ ਸੰਭਵਤਾ ਉੱਤੇ ਗੌਰ ਕਰੋ।*

ਜਦੋਂ ਕਿ ਕੁਝ ਖੇਤਰਾਂ ਵਿੱਚ ਕਮਰਸ਼ੀਅਲ ਗੱਡੀਆਂ ਉੱਪਰ ਖਾਸ ਲੇਨਾਂ ਵਿੱਚ ਚੱਲਣ ਦੀ ਸ਼ਰਤ ਹੈ, ਬ੍ਰਿਟਿਸ਼ ਕੋਲੰਬੀਆ ਦੇ 47299 ਕਿਲੋਮੀਟਰ ਦੇ ਹਾਈਵੇਆਂ ਵਿੱਚੋਂ ਬਹੁਤੇ ਦੋ ਲੇਨਾਂ ਵਾਲੇ ਹਨ। ਜਿੱਥੇ ਚਾਰ ਲੇਨਾਂ ਹਨ, ਕਮਰਸ਼ੀਅਲ ਡਰਾਈਵਰਾਂ ਨੂੰ ਆ ਕੇ ਵਿੱਚ ਮਿਲਣ ਵਾਲੀ ਟ੍ਰੈਫਿਕ ਨੂੰ ਥਾਂ ਦੇਣ ਲਈ, ਹੌਲੀ ਜਾਂਦੀਆਂ ਗੱਡੀਆਂ ਨੂੰ ਪਾਸ ਕਰਨ ਲਈ ਅਤੇ ਜੇ ਲੋੜ ਹੋਵੇ ਤਾਂ ਲੇਨ ਬਦਲਣ ਲਈ ਘੱਟੋ ਘੱਟ ਦੋ ਲੇਨਾਂ ਦੀ ਲੋੜ ਹੁੰਦੀ ਹੈ। ਡਰਾਈਵਰਾਂ ਨੂੰ ਲੋੜੀਂਦੀ ਲਚਕ ਦੇਣਾ, ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰਕਚਰ ਦੀ ਮਨਿਸਟਰੀ ਨੂੰ ਡਰਾਈਵਰਾਂ ’ਤੇ ਸੱਜੇ ਹੱਥ ਵਾਲੀ ਲੇਨ ਵਿੱਚ ਰਹਿਣ ਦੀ ਸ਼ਰਤ ਲਾਉਣ ਤੋਂ ਰੋਕਦਾ ਹੈ।

ਸੂਬੇ ਦੇ ਹਾਈਵੇਆਂ ’ਤੇ ਹੌਲੀ ਚੱਲਣ ਵਾਲੇ ਡਰਾਈਵਰਾਂ ਨੂੰ ਸੱਜੇ ਹੱਥ ਰਹਿਣ ਲਈ ਉਤਸ਼ਾਹਿਤ ਕਰਨ ਲਈ ਸਾਈਨ ਲਾਏ ਹੋਏ ਹਨ। ਜ਼ਿਆਦਾ ਭੀੜ ਵਾਲੇ ਰਸਤਿਆਂ ’ਤੇ “ਹੌਲੀ ਚੱਲਣ ਵਾਲੀ ਟ੍ਰੈਫਿਕ ਸੱਜੇ ਹੱਥ ਰਹੇ” ਦੇ ਸਾਈਨ ਲਾਏ ਹੋਏ ਹਨ। ਇਸ ਸਿਫਾਰਿਸ਼ ਦੇ ਜੁਆਬ ਵਿੱਚ ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਦੀ ਮਨਿਸਟਰੀ ਸਾਰੇ ਸੂਬੇ ਦੀਆਂ ਮੁੱਖ ਸੜਕਾਂ ਉੱਪਰ ਲੱਗੇ ਇਲੈਕਟ੍ਰੌਨਿਕ ਸਾਈਨਾਂ ਵਿੱਚ ਇਹ ਸੁਨੇਹਾ ਬਕਾਇਦਗੀ ਨਾਲ ਸ਼ਾਮਲ ਕਰੇਗੀ।

*ਸਿਫਾਰਿਸ਼ 14:*

*ਟਾਇਰਾਂ ਦੀਆਂ ਗੁੱਲੀਆਂ ਦੀ ਘੱਟੋ-ਘੱਟ ਡੂੰਘਾਈ (ਟਾਇਰ ਟਰੈੱਡ ਡੈਪਥ) ਨੂੰ 3.5 ਮਿਲੀਮੀਟਰ ਤੋਂ ਵਧਾਉਣ ਉੱਤੇ ਨਜ਼ਰਸਾਨੀ ਕਰਨ ਲਈ ਗੌਰ ਕਰੋ।*

ਇਸ ਸਿਫਾਰਿਸ਼ ਦੇ ਜੁਆਬ ਵਿੱਚ *ਮੋਟਰ ਵਿਹੀਕਲ ਐਕਟ* ਵਿਚਲੇ ਟਾਇਰਾਂ ਦੀਆਂ ਗੁੱਲੀਆਂ (ਟਾਇਰ ਟਰੈੱਡ ਡੈਪਥ) ਦੇ ਨਿਯਮਾਂ ਉੱਤੇ ਗੌਰ ਕੀਤਾ ਜਾ ਰਿਹਾ ਹੈ ਅਤੇ ਕਮਰਸ਼ੀਅਲ ਵਿਹੀਕਲ ਸੇਫਟੀ ਐਂਡ ਇਨਫੋਰਸਮੈਂਟ ਰਾਹੀਂ ਇਸ ਮਾਮਲੇ ਨਾਲ ਸੰਬੰਧਿਤ ਦੂਸਰੀਆਂ ਧਿਰਾਂ ਅਤੇ ਦੂਸਰੇ ਅਧਿਕਾਰ ਖੇਤਰਾਂ ਨਾਲ ਸਲਾਹ ਮਸ਼ਵਰਾ ਜਾਰੀ ਹੈ।

*ਸਿਫਾਰਿਸ਼ 15:*

*15 ਸਵਾਰੀਆਂ ਵਾਲੀਆਂ ਸਾਰੀਆਂ ਵੈਨਾਂ ਦੀਆਂ ਸਰਕਾਰ ਦੀ ਨੌਕਰੀ ਕਰਦੇ ਇਨਸਪੈਕਟਰਾਂ ਵੱਲੋਂ ਲਾਜ਼ਮੀ ਤੌਰ ’ਤੇ ਸਾਲਾਨਾ ਇਨਸਪੈਕਸ਼ਨਾਂ ਕੀਤੀਆਂ ਜਾਣ।*

ਲਾਜ਼ਮੀ ਇਨਸਪੈਕਸ਼ਨਾਂ ਦਾ ਪ੍ਰਬੰਧ ਪਹਿਲਾਂ ਹੀ ਲਾਗੂ ਹੈ। ਕਮਰਸ਼ੀਅਲ ਗੱਡੀਆਂ ਦੇ ਤੌਰ ’ਤੇ ਚੱਲਣ ਵਾਲੀਆਂ 15 ਸਵਾਰੀਆਂ ਵਾਲੀਆਂ ਗੱਡੀਆਂ ਦੀ ਹਰ ਛੇ ਮਹੀਨਿਆਂ ਬਾਅਦ ਇਨਸਪੈਕਸ਼ਨ ਕਰਨ ਵਾਲੀ ਪ੍ਰਮਾਣਕ ਥਾਂ ਉੱਤੇ ਇਨਸਪੈਕਸ਼ਨ ਹੋਣੀ ਜ਼ਰੂਰੀ ਹੈ।

ਇਸ ਦੇ ਨਾਲ ਹੀ ਕਮਰਸ਼ੀਅਲ ਵਿਹੀਕਲ ਸੇਫਟੀ ਐਂਡ ਇਨਫੋਰਸਮੈਂਟ ਦਾ ਸਟਾਫ ਫਾਰਮ ਲੇਬਰ ਠੇਕੇਦਾਰਾਂ ਵੱਲੋਂ ਚਲਾਈਆਂ ਜਾਂਦੀਆਂ ਗੱਡੀਆਂ ਦੀਆਂ ਸੜਕਾਂ ਉੱਪਰ ਇਨਸਪੈਕਸ਼ਨਾਂ ਕਰ ਰਿਹਾ ਹੈ ਅਤੇ ਉਹਨਾਂ ਨੇ ਫਾਰਮ ਵਰਕਰਾਂ ਨੂੰ ਢੋਣ ਵਾਲੀਆਂ ਵੈਨਾਂ ਦੀ ਨਾ-ਚੱਲਣ (ਆਊਟ ਆਫ ਸਰਵਿਸ) ਦੀ ਦਰ ਵਿੱਚ ਜ਼ਿਕਰਯੋਗ ਕਮੀ ਹੋਣ ਨੂੰ ਰਿਕਾਰਡ ਕੀਤਾ ਹੈ। 2007 ਵਿੱਚ ਸ਼ੁਰੂ ਦੀਆਂ ਇਨਸਪੈਕਸ਼ਨਾਂ ਵਿੱਚ ਨਾ-ਚੱਲਣ (ਆਊਟ ਆਫ ਸਰਵਿਸ) ਦੀ ਦਰ 30 ਫੀਸਦੀ ਸੀ। 2008 ਵਿੱਚ ਉਹ ਗਿਣਤੀ ਘੱਟ ਕੇ 11 ਫੀਸਦੀ ਹੋ ਗਈ ਅਤੇ 2009 ਵਿੱਚ 10 ਫੀਸਦੀ। ਤਾਜ਼ੀਆਂ ਇਨਸਪੈਕਸ਼ਨਾਂ ਲਗਾਤਾਰ ਹਾਂ-ਪੱਖੀ ਰੁਝਾਨ ਦਿਖਾਉਂਦੀਆਂ ਹਨ।

ਕਮਰਸ਼ੀਅਲ ਵਿਹੀਕਲ ਸੇਫਟੀ ਐਂਡ ਇਨਫੋਰਸਮੈਂਟ ਦਾ ਸਟਾਫ ਚਾਲਕਾਂ ਲਈ ਆਪਣੀਆਂ ਗੱਡੀਆਂ ਦੀ ਜਾਂਚ ਕਰਾਉਣ ਲਈ ਸੀਜ਼ਨ ਵਿੱਚ ਵਲੰਟੀਅਰ ਸਮੇਂ ਵੀ ਰਾਖਵੇਂ ਰੱਖਦਾ ਹੈ। ਕਮਰਸ਼ੀਅਲ ਵਿਹੀਕਲ ਸੇਫਟੀ ਐਂਡ ਇਨਫੋਰਸਮੈਂਟ ਦਾ ਸਟਾਫ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਗੱਡੀਆਂ ਨੂੰ ਸੜਕਾਂ ਤੋਂ ਲਾਂਭੇ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਅਤੇ 15 ਸਵਾਰੀਆਂ ਵਾਲੀਆਂ ਗੱਡੀਆਂ ਦੀ ਵਰਤੋਂ ਕਰਨ ਵਾਲਿਆਂ ਨੂੰ ਨਿਯਮਾਂ ਅਤੇ ਆਪਣੀਆਂ ਗੱਡੀਆਂ ਨੂੰ ਸੁਰੱਖਿਅਤ ਢੰਗ ਨਾਲ ਚਲਦਾ ਰੱਖਣ ਲਈ ਸੰਭਾਲ ਕਰਨ ਬਾਰੇ ਸਿੱਖਿਆ ਦੇਣੀ ਜਾਰੀ ਰੱਖੇਗਾ।

<u>ਇੰਟਰ-ਏਜੰਸੀ ਐਗਰੀਕਲਚਰਲ ਕੰਪਲਾਇੰਸ ਕਮੇਟੀ</u>

*ਸਿਫਾਰਸ਼ 16:*

*15 ਸਵਾਰੀਆਂ ਵਾਲੀਆਂ ਵੈਨਾਂ ਦੇ ਚਾਲਕਾਂ ਵੱਲੋਂ ਸਾਰੇ ਨਿਯਮਾਂ ਦੀ ਪਾਲਣਾ ਕਰਨ ਦੀ ਪੱਧਰ ਨੂੰ ਬਰਕਰਾਰ ਰੱਖਣ ਲਈ ਬਹੁ-ਏਜੰਸੀਆਂ ਵਲੋਂ ਮਿਲ਼ ਕੇ ਸੜਕ 'ਤੇ ਕੀਤੀਆਂ ਜਾਂਦੀਆਂ ਜਾਂਚਾਂ ਮੌਜੂਦਾ ਪੱਧਰ 'ਤੇ (10-12/ਪ੍ਰਤੀ ਸਾਲ) ਜਾਰੀ ਰੱਖੀਆਂ ਜਾਣ ਅਤੇ/ਜਾਂ ਜੇ ਠੀਕ ਸਮਝਿਆ ਜਾਵੇ ਤਾਂ ਗਰਮੀਆਂ ਦੇ ਮਹੀਨਿਆਂ ਵਿੱਚ ਵਧਾ ਦਿੱਤੀਆਂ ਜਾਣ।*

ਜਿਵੇਂ ਕਈ ਸਿਫਾਰਿਸ਼ਾਂ ਬਾਰੇ ਦਿੱਤੇ ਜੁਆਬਾਂ ਵਿੱਚ ਨੋਟ ਕੀਤਾ ਗਿਆ ਹੈ ਕਿ ਇੰਟਰ-ਏਜੰਸੀ ਐਗਰੀਕਲਚਰਲ ਕੰਪਲਾਇੰਸ ਕਮੇਟੀ 7 ਮਾਰਚ 2007 ਨੂੰ ਹੋਈ ਟੱਕਰ ਤੋਂ ਛੇਤੀ ਬਾਅਦ ਸਥਾਪਤ ਕੀਤੀ ਗਈ ਸੀ, ਅਤੇ ਇਹ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਮੌਤਾਂ ਹੋਣ ਤੋਂ ਰੋਕਥਾਮ ਕਰਨ ਲਈ ਕੀਤੀਆਂ ਜਾ ਰਹੀਆਂ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਇਕ ਅਟੁੱਟ ਅੰਗ ਹੈ।

ਪਿਛਲੇ ਤਿੰਨ ਸਾਲਾਂ ਵਿੱਚ ਹਰ ਸਾਲ ਇੰਟਰ-ਏਜੰਸੀ ਕਮੇਟੀ ਦੇ ਨੁਮਾਇੰਦਿਆਂ ਨੇ ਸੜਕ ਉੱਤੇ ਅਚਾਨਕ ਇਨਸਪੈਕਸ਼ਨਾਂ ਕਰਨ ਦਾ ਕਾਰਜ ਕੀਤਾ ਹੈ। ਇਨਸਪੈਕਸ਼ਨਾਂ ਦੇ ਨਤੀਜਿਆਂ ਨੇ ਦਰਸਾਇਆ ਹੈ ਕਿ ਇਨਸਪੈਕਸ਼ਨਾਂ ਵਿੱਚੋਂ ਫੇਲ ਹੋਣ ਵਾਲੀਆਂ ਗੱਡੀਆਂ ਦੀ ਫੀਸਦੀ ਵਿੱਚ ਵੱਡਾ ਘਾਟਾ ਪਿਆ ਹੈ, ਜਿਸ ਦੇ ਨਤੀਜੇ ਵੱਜੋਂ ਸਮੁੱਚੀ ਸੁਰੱਖਿਆ ਵਿੱਚ ਠੋਸ ਸੁਧਾਰ ਹੋਇਆ ਹੈ। ਇਨਸਪੈਕਸ਼ਨਾਂ ਫਸਲਾਂ ਸਾਂਭਣ ਦੇ ਸਾਰੇ ਮੌਸਮ (ਹਾਰਵੈੱਸਟ ਸੀਜ਼ਨ) ਦੌਰਾਨ ਕੀਤੀਆਂ ਜਾਂਦੀਆਂ ਹਨ ਅਤੇ 2010 ਲਈ ਇਕ ਯੋਜਨਾ ਬਣੀ ਹੋਈ ਹੈ। ਇਕੱਲੀ ਇਕੱਲੀ ਇਨਸਪੈਕਸ਼ਨ ਦੇ ਨਤੀਜਿਆਂ ਅਤੇ ਨਿਯਮਾਂ ਦੀ ਪਾਲਣਾ ਕਰਨ ਦੇ ਆਮ ਰੁਝਾਨ ਦੇ ਆਧਾਰ ਉੱਤੇ ਇਨਸਪੈਕਸ਼ਨਾਂ ਦੀ ਗਿਣਤੀ ਵੱਧ ਜਾਂ ਘੱਟ ਸਕਦੀ ਹੈ। ਫਿਰ ਵੀ, ਸਿਫਾਰਿਸ਼ ਦੇ ਜੁਆਬ ਵਿੱਚ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਬਹੁ-ਏਜੰਸੀਆਂ ਵਲੋਂ ਮਿਲ਼ ਕੇ ਸੜਕ ਉੱਤੇ ਕੀਤੀਆਂ ਜਾਂਦੀਆਂ ਜਾਂਚਾਂ ਘੱਟੋ-ਘੱਟ ਮੌਜੂਦਾ ਪੱਧਰ ਉੱਤੇ ਚਾਲੂ ਰਹਿਣਗੀਆਂ, ਅਤੇ ਜੇ ਉਚਿਤ ਸਮਝਿਆ ਗਿਆ ਤਾਂ ਵਧਾ ਦਿੱਤੀਆਂ ਜਾਣਗੀਆਂ। ਇੰਟਰ-ਏਜੰਸੀ ਕਮੇਟੀ ਦੇ ਮੈਂਬਰ ਬਕਾਇਦਗੀ ਨਾਲ ਮਿਲਦੇ ਹਨ ਅਤੇ ਮੌਜੂਦਾ ਉਦਮਾਂ ਦੇ ਅਸਰਾਂ ਦਾ ਮੁੱਲਾਂਕਣ ਕਰਦੇ ਹਨ ਅਤੇ ਨਿਯਮਾਂ ਦੀ ਪਾਲਣਾ ਕਰਵਾਉਣ ਲਈ ਪਾਲਣਾ ਕਰਵਾਉਣ ਦੇ ਢੰਗਾਂ ਅਤੇ ਕੋਸ਼ਿਸ਼ਾਂ ਵਿੱਚ ਢੁਕਵੀਂਆਂ ਤਬਦੀਲੀਆਂ ਕਰਦੇ ਹਨ। ਕਮੇਟੀ ਨਿਯਮਾਂ ਦੀ ਪਾਲਣਾ ਕਰਵਾਉਣ ਲਈ ਵਚਨਬੱਧ ਹੈ ਅਤੇ ਪਾਲਣਾ ਕਰਵਾਉਣ ਅਤੇ ਸਿੱਖਿਆ ਦੇਣ ਦੇ ਉਦਮਾਂ ਨੂੰ ਕਰਦੀ ਰਹੇਗੀ।

ਲੇਬਰ ਮਨਿਸਟਰ

*ਸਿਫਾਰਿਸ਼ 17:*

*ਮਨਿਸਟਰ ਕਾਨੂੰਨ ਵਿੱਚ ਤਬਦੀਲੀ ਕਰਨ ਬਾਰੇ ਪੜਤਾਲ ਕਰੇ ਤਾਂ ਕਿ ਸੀਜ਼ਨਲ ਖੇਤੀ ਕਾਮਿਆਂ ਦੀਆਂ ਸੇਵਾਵਾਂ ਨੂੰ ਠੇਕੇ ਉੱਤੇ ਲੈਣ ਵਾਲੇ ਵਪਾਰੀਆਂ (ਜਿਵੇਂ ਫਾਰਮਾਂ, ਨਰਸਰੀਆਂ ਅਤੇ ਗਰੀਨਹਾਊਸਾਂ ਦੇ ਮਾਲਕਾਂ) ਨੂੰ ਇਸ ਤਰ੍ਹਾਂ ਦੇ ਕਾਮਿਆਂ ਨੂੰ ਕਰਮਚਾਰੀ ਸਮਝਣ ਦੀ ਜ਼ਿੰਮੇਵਾਰੀ ਦਿੱਤੀ ਜਾਵੇ ਅਤੇ:*

*ਏ) ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਵੇ ਕਿ ਜਿਹੜਾ ਵੀ ਨਵਾਂ ਕਾਮਾ ਉਹਨਾਂ ਦੀ ਕੰਮ ਦੀ ਥਾਂ 'ਤੇ ਕੰਮ ਕਰਨ ਆਵੇ, ਉਸ ਨੂੰ ਵਰਕਰਜ਼ ਕੰਪਨਸੇਸ਼ਨ ਐਕਟ ਅਤੇ ਰੈਗੂਲੇਸ਼ਨ ਅਧੀਨ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਿੱਖਿਆ ਅਤੇ ਜਾਣਕਾਰੀ ਮਿਲੇ।*

*ਬੀ) ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਵੇ ਕਿ ਵਪਾਰਾਂ ਦੇ ਮਾਲਕਾਂ ਕੋਲ ਇਹ ਯਕੀਨੀ ਬਣਾਉਣ ਲਈ ਕੋਈ ਪ੍ਰਬੰਧ ਹੋਵੇ ਕਿ ਜਿਹੜੇ ਲੇਬਰ ਠੇਕੇਦਾਰਾਂ ਦੀ ਉਹ ਵਰਤੋਂ ਕਰ ਰਹੇ ਹਨ ਉਹ ਕਾਮਿਆਂ ਨੂੰ ਲਾਗੂ ਕਾਨੂੰਨਾਂ ਅਨੁਸਾਰ ਢੋਅ ਰਹੇ ਹੋਣ; ਅਤੇ*

*ਸੀ) ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਵੇ ਕਿ ਕਾਮਿਆਂ ਨੂੰ ਆਪਣੇ ਹੱਕਾਂ ਬਾਰੇ ਲਿਖਤੀ ਜਾਣਕਾਰੀ ਮਿਲੇ।*

*ਪ੍ਰਧਾਨਗੀ ਕਰ ਰਹੇ ਕੌਰਨਰ ਦੀ ਟਿੱਪਣੀ: ਜਿਊਰੀ ਨੇ ਸੁਣਿਆ ਕਿ ਮੌਜੂਦਾ ਕਾਨੂੰਨ ਖੇਤ ਮਜ਼ਦੂਰਾਂ ਨੂੰ ਉਹਨਾਂ ਦੀਆਂ ਸੇਵਾਵਾਂ ਲੈਣ ਵਾਲੇ ਜ਼ਮੀਨ ਆਧਾਰਿਤ ਵਪਾਰਾਂ ਦੀ ਜ਼ਿੰਮੇਵਾਰੀ ਹੇਠ ਆਉਣੋਂ ਰੋਕਦੇ ਹਨ ਅਤੇ ਇਸ ਲਈ ਉਹ ਕੰਮ ਮਾਲਕਾਂ ਦੇ ਸਿਹਤ ਅਤੇ ਸੁਰੱਖਿਆ (ਹੈੱਲਥ ਐਂਡ ਸੇਫਟੀ) ਪ੍ਰੋਗਰਾਮ ਅਧੀਨ ਨਹੀਂ ਆਉਂਦੇ।*

ਪ੍ਰਧਾਨਗੀ ਕਰ ਰਹੇ ਕੌਰਨਰ ਦੀ ਟਿੱਪਣੀ ਦੇ ਜੁਆਬ ਵਿੱਚ, ਇਹ ਸਪਸ਼ਟ ਕਰਨਾ ਮਹੱਤਵਪੂਰਨ ਹੈ ਕਿ ਇਕ ਕਾਮਾ ਹਮੇਸ਼ਾਂ ਕੰਮ ਮਾਲਕ ਦੇ ਆਕੂਪੇਸ਼ਨਲ ਹੈੱਲਥ ਐਂਡ ਸੇਫਟੀ ਪ੍ਰੋਗਰਾਮ (ਕੰਮ 'ਤੇ ਸਿਹਤ ਅਤੇ ਸੁਰੱਖਿਆ ਦੇ ਪ੍ਰੋਗਰਾਮ) ਅਧੀਨ ਆਉਂਦਾ ਹੈ। ਫਾਰਮ ਲੇਬਰ ਠੇਕੇਦਾਰ ਆਪਣੇ ਵੱਲੋਂ ਢੋਏ ਜਾ ਰਹੇ ਕਾਮਿਆਂ ਦੇ ਕੰਮ ਮਾਲਕ ਵੱਜੋਂ ਇਹ ਗੱਲ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ ਕਿ ਉਹ ਕਾਮਿਆਂ ਨੂੰ ਢੋਂਦੇ ਸਮੇਂ *ਵਰਕਰਜ਼ ਕੰਪਨਸੇਸ਼ਨ ਐਕਟ* ਦੇ ਸੈਕਸ਼ਨ 115 (ਕੰਮ ਮਾਲਕ ਦੇ ਆਮ ਫਰਜ਼ਾਂ) ਦੀ ਪਾਲਣਾ ਕਰੇ। ਇਸ ਵਿੱਚ ਇਹ ਗੱਲਾਂ ਸ਼ਾਮਲ ਹਨ: ਆਪਣੇ ਨਾਲ ਕੰਮ ਕਰਦੇ ਸਾਰੇ ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ, ਕੰਮ ਉੱਪਰ ਅਜਿਹੀਆਂ ਸਥਿਤੀਆਂ ਨੂੰ ਠੀਕ ਕਰਨਾ ਜੋ ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਲਈ ਖਤਰਨਾਕ ਹੋਣ ਅਤੇ ਇਹ ਯਕੀਨੀ ਬਣਾਉਣਾ ਕਿ ਕਾਮਿਆਂ ਨੂੰ *ਵਰਕਰਜ਼ ਕੰਪਨਸੇਸ਼ਨ ਐਕਟ* ਦੇ ਭਾਗ 3 ਅਧੀਨ ਆਉਂਦੇ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਦਾ ਪਤਾ ਹੋਵੇ।

ਜਦੋਂ ਕਾਮੇ ਜ਼ਮੀਨ ਆਧਾਰਿਤ ਕੰਮ ਵਾਲੀ ਉਸ ਥਾਂ ’ਤੇ ਪਹੁੰਚ ਜਾਂਦੇ ਹਨ, ਜਿਸ ਥਾਂ ਨੇ ਉਹਨਾਂ ਦੀਆਂ ਸੇਵਾਵਾਂ ਠੇਕੇ ’ਤੇ ਲਈਆਂ ਹਨ, ਤਾਂ *ਵਰਕਰਜ਼ ਕੰਪਨਸੇਸ਼ਨ ਐਕਟ* ਦੇ ਸੈਕਸ਼ਨ 115 (1) ਅਧੀਨ ਫਾਰਮ ਦੇ ਮਾਲਕ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਕੰਮ ਵਾਲੀ ਥਾਂ (ਫਾਰਮ) ਉੱਤੇ ਹਾਜ਼ਰ ਆਪਣੇ ਕਾਮਿਆਂ ਅਤੇ ਦੂਸਰੇ ਕਾਮਿਆਂ (ਫਾਰਮ ਲੇਬਰ ਠੇਕੇਦਾਰ ਦੇ ਕਾਮਿਆਂ ਸਮੇਤ) ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਏ ਜਿੰਨਾ ਚਿਰ ਤੱਕ ਉਹ ਕਾਮੇ ਉਸ ਕੰਮ ਵਾਲੀ ਥਾਂ ਉੱਤੇ ਹਾਜ਼ਰ ਹਨ। ਇਕ ਵਾਰ ਫਿਰ ਇਸ ਵਿੱਚ ਉਸ ਮਾਲਕ ਲਈ ਕੰਮ ਕਰਦੇ ਸਾਰੇ ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ, ਅਤੇ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਕਾਮਿਆਂ ਨੂੰ *ਵਰਕਰਜ਼ ਕੰਪਨਸੇਸ਼ਨ ਐਕਟ* ਦੇ ਭਾਗ 3 ਅਧੀਨ ਆਉਂਦੇ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਦਾ ਪਤਾ ਹੋਵੇ।

ਸਪਸ਼ਟ ਹੈ ਕਿ ਕਾਮੇ ਹਮੇਸ਼ਾਂ ਹੀ ਅਤੇ ਕੰਮ ਦੀਆਂ ਸਾਰੀਆਂ ਥਾਂਵਾਂ ਉੱਤੇ (ਫਾਰਮਾਂ ’ਤੇ ਜਾਂ ਕੰਮ ਉੱਤੇ ਲਿਜਾਏ ਜਾਣ ਸਮੇਂ ਗੱਡੀਆਂ ਵਿੱਚ) ਆਕੂਪੇਸ਼ਨਲ ਹੈੱਲਥ ਐਂਡ ਸੇਫਟੀ (ਕੰਮ ਉੱਤੇ ਸਿਹਤ ਅਤੇ ਸੁਰੱਖਿਆ) ਦੇ ਕਾਨੂੰਨਾਂ ਅਤੇ ਨਿਯਮਾਂ ਅਧੀਨ ਆਉਂਦੇ ਹਨ, ਇਸ ਲਈ ਮੇਰਾ ਵਿਚਾਰ ਹੈ ਕਿ ਇਸ ਸਿਫਾਰਿਸ਼ ਦੇ ਮੰਤਵ ਨੂੰ ਨਵਾਂ ਕਾਨੂੰਨ ਬਣਾਏ ਬਿਨਾਂ ਹੀ ਪੂਰਾ ਕੀਤਾ ਜਾ ਸਕਦਾ ਹੈ। ਖਾਸ ਕਰਕੇ, ਕੰਮ ਮਾਲਕ ਪਹਿਲਾਂ ਹੀ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਨਵੇਂ ਕਾਮਿਆਂ ਨੂੰ *ਵਰਕਰਜ਼ ਕੰਪਨਸੇਸ਼ਨ ਐਕਟ* ਅਤੇ *ਰੈਗੂਲੇਸ਼ਨਾਂ* ਅਧੀਨ ਆਉਂਦੇ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਦਾ ਪਤਾ ਹੋਵੇ ਅਤੇ ਪੰਜਾਬੀ ਕਮਿਊਨਿਟੀ ਵਿੱਚ ਖੇਤ ਮਜ਼ਦੂਰਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਨ-ਚੇਤਨਾ ਪੈਦਾ ਕਰਨ ਦੇ ਵਰਕਸੇਫ ਬੀ ਸੀ ਅਤੇ ਫਾਰਸ਼ਾ ਦੇ ਆਪਣੇ ਯਤਨ ਇਸ ਵਿੱਚ ਹੋਰ ਵਾਧਾ ਕਰਦੇ ਹਨ। (ਉੱਪਰ ਸਿਫਾਰਿਸ਼ 5 ਦਾ ਜੁਆਬ ਦੇਖੋ।)

ਇਸ ਦੇ ਨਾਲ ਹੀ ਅਤੇ ਇਸ ਸਿਫਾਰਿਸ਼ ਦੇ ਸੰਬੰਧ ਵਿੱਚ, ਵਰਕਸੇਫ ਬੀ ਸੀ ਸਮੱਗਰੀ ਤਿਆਰ ਕਰਕੇ ਉਸ ਨੂੰ ਪੰਜਾਬੀ ਅਤੇ ਸਪੇਨੀ ਵਿੱਚ ਅਨੁਵਾਦ ਕਰਵਾਏਗਾ ਜਿਸ ਨੂੰ ਖੇਤ ਮਜ਼ਦੂਰਾਂ ਵਿੱਚ ਵੰਡਿਆ ਜਾਵੇਗਾ। ਇਹ ਸਮੱਗਰੀ ਸੁਰੱਖਿਆ ਦੇ ਮੁੱਖ ਮੁੱਦਿਆਂ ਅਤੇ ਖੇਤ ਮਜ਼ਦੂਰਾਂ ਦੇ ਹੱਕਾਂ ਬਾਰੇ ਦੱਸੇਗੀ।

<u>ਬ੍ਰਿਟਿਸ਼ ਕੋਲੰਬੀਆ ਦਾ ਅਟਾਰਨੀ ਜਨਰਲ</u>

*ਸਿਫਾਰਿਸ਼ 18:*

*ਲੋਕਾਂ ਨੂੰ ਢੋਣ ਦਾ ਕੰਮ ਕਰਦੀਆਂ ਲਿਮਟਿਡ ਕੰਪਨੀਆਂ ਨੂੰ ਲਾਏ ਗਏ ਜੁਰਮਾਨਿਆਂ ਅਤੇ ਹੋਰ ਕਰਾਂ ਦੀ ਅਦਾਇਗੀ ਨੂੰ ਯਕੀਨੀ ਬਣਾਉਣ ਲਈ ਬਾਂਡ ਰੱਖਣ ਦੀ ਸਕੀਮ ਦੀ ਵਿਹਾਰਕਤਾ ਬਾਰੇ ਅਟਾਰਨੀ ਜਨਰਲ ਇਕ ਅਧਿਅਨ ਨੂੰ ਸਪਾਂਸਰ ਕਰੇ।*

ਇਸ ਸਿਫਾਰਿਸ਼ ਲਈ ਫਾਈਨੈਂਸ ਮਨਿਸਟਰ ਜ਼ਿੰਮੇਵਾਰ ਹੈ ਅਤੇ ਉਸ ਨੇ ਫਾਈਨੈਂਸ ਮਨਿਸਟਰੀ ਦੀ ਰਿਸਕ ਮੈਨੇਜਮੈਂਟ ਬ੍ਰਾਂਚ ਨੂੰ ਇਸ ਸਿਫਾਰਿਸ਼ ਦੀ ਸੰਭਵਤਾ ਉੱਪਰ ਗੌਰ ਕਰਨ ਲਈ ਕਿਹਾ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਸ ਮਾਮਲੇ ਬਾਰੇ ਰਿਸਕ ਮੈਨੇਜਮੈਂਟ ਬ੍ਰਾਂਚ ਸ਼ੁਅਰਟੀ ਐਸੋਸੀਏਸ਼ਨ ਆਫ ਕੈਨੇਡਾ ਨਾਲ ਮਸ਼ਵਰਾ ਕਰੇਗੀ ਅਤੇ ਕੌਰਨਰ ਦੇ ਦਫਤਰ ਨੂੰ ਇਸ ਮਸ਼ਵਰੇ ਦੇ ਨਤੀਜਿਆਂ ਬਾਰੇ ਦੱਸੇਗੀ।

ਅਖੀਰ ਵਿੱਚ, ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਤਰਫੋਂ ਮੈਂ ਇਕ ਵਾਰ ਫਿਰ ਇਸ ਭਿਆਨਕ ਦੁਰਘਟਨਾ ਦੇ ਪੀੜਤਾਂ ਅਤੇ ਪਰਿਵਾਰਾਂ ਲਈ ਸੋਗ ਪ੍ਰਗਟ ਕਰਦਾ ਹਾਂ। ਮੈਂ ਜਿਊਰੀ ਦੇ ਮੈਂਬਰਾਂ ਦੀ ਕਦਰ ਕਰਦਾ ਹਾਂ ਜਿਹਨਾਂ ਨੇ ਸਰਕਾਰ ਲਈ ਇਹ ਸੂਝਮਈ ਅਤੇ ਮਹੱਤਵਪੂਰਨ ਸਿਫਾਰਿਸ਼ਾਂ ਪੇਸ਼ ਕੀਤੀਆਂ ਹਨ।

ਤੁਹਾਡੀ ਚਿੱਠੀ ਲਈ ਇਕ ਵਾਰ ਫਿਰ ਧੰਨਵਾਦਾ।

ਸੱਚੇ ਦਿਲੋਂ ਤੁਹਾਡਾ

ਮੁਰੇ ਕੋਇਲ
ਮਨਿਸਟਰ

ਕਾਪੀਆਂ: ਮਾਨਯੋਗ ਬਿੱਲ ਬੈਨਿੱਟ
ਕਮਿਊਨਿਟੀ ਅਤੇ ਰੂਰਲ ਡਿਵੈਲਪਮੈਂਟ ਦੇ ਮਨਿਸਟਰ

ਮਾਨਯੋਗ ਸ਼ਰਲੀ ਬੌਂਡ
ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਦੇ ਮਨਿਸਟਰ

ਮਾਨਯੋਗ ਮਾਈਕ ਡੀ ਜੌਂਗ
ਅਟਾਰਨੀ ਜਨਰਲ

ਮਾਨਯੋਗ ਕੈਵਿਨ ਫਾਲਕਨ
ਹੈੱਲਥ ਸਰਵਿਸਜ਼ ਦੇ ਮਨਿਸਟਰ

ਮਾਨਯੋਗ ਕੈਸ਼ ਹੀਡ
ਪਬਲਿਕ ਸੇਫਟੀ ਦੇ ਮਨਿਸਟਰ ਅਤੇ ਸੌਲਿਸਟਰ ਜਨਰਲ

ਰੋਜ਼ਲਿਨ ਕੁਨੀਨ, ਚੇਅਰ
ਵਰਕਸੇਫ ਬੀ ਸੀ

ਮਿਸਟਰ ਡੇਵਿਡ ਐਂਡਰਸਨ, ਪ੍ਰੈਜ਼ੀਡੈਂਟ ਅਤੇ ਸੀ ਈ ਓ
ਵਰਕਸੇਫ ਬੀ ਸੀ

ਡੇਲ ਵਾਲ, ਡਿਪਟੀ ਮਨਿਸਟਰ
ਮਨਿਸਟਰੀ ਆਫ ਕਮਿਊਨਿਟੀ ਐਂਡ ਰੂਰਲ ਡਿਵੈਲਪਮੈਂਟ

ਪੀਟਰ ਮਿਲਬਰਨ, ਡਿਪਟੀ ਮਨਿਸਟਰ
ਮਨਿਸਟਰੀ ਆਫ ਟਰਾਂਸਪੋਰਟੇਸ਼ਨ ਐਂਡ ਇਨਫਰਾਸਟਰੱਕਚਰ

ਡੇਵਿਡ ਲੂਕਡੈਲਿਸ, ਡਿਪਟੀ ਅਟਾਰਨੀ ਜਨਰਲ
ਮਨਿਸਟਰੀ ਆਫ ਅਟਾਰਨੀ ਜਨਰਲ

ਜੌਹਨ ਡਿਬਲ, ਡਿਪਟੀ ਮਨਿਸਟਰ
ਮਨਿਸਟਰੀ ਆਫ ਹੈੱਲਥ ਸਰਵਿਸਜ਼

ਗਰੈਹਮ ਵਾਈਟਮਾਰਸ਼, ਡਿਪਟੀ ਮਨਿਸਟਰ
ਮਨਿਸਟਰੀ ਆਫ ਫਾਈਨੈਂਸ

ਡੇਵਿਡ ਮੋਰਹਾਰਟ, ਡਿਪਟੀ ਸੌਲਿਸਟਰ ਜਨਰਲ
ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੌਲਿਸਟਰ ਜਨਰਲ